



The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar






Vol: 10 No: 233 Website : www.punjabiakhbaar.ca EmailÍ: editor@punjabiakhbaar.ca Friday, 8 December 2023

## ਕਨੇਡਾ ਦੇ ਅਲਬਰਟਾ ਸੂਬੇ ਅੰਦਰ ਵੱਡੀ ਸਰਕਾਰ ਨੇ ਛੋਟੀ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾਇਆ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਛੋਟੇ ਸਹਿਰ ਚੈਸਟਰਮੀਅਰ ਅਤੇ ਅਲਬਰਟਾ ਸਰਕਾਰ ਦੌਰਾਨ ਕਾਫੀ ਸਮੇਂ ਤੋਂ ਚੱਲ ਰਹੀ ਖਿਚੋਤਾਣੀ ਨੇ ਬੀਤੀ 4 ਦਸੰਬਰ 2023 ਵਾਲੇ ਦਿਨ ਇੱਕ ਫੈਸਲੇ ਦਾ ਰੂਪ ਧਾਰਨ ਕਰ ਲਿਆ। ਮਿਉਂਸਪਲ ਮਾਮਲਿਆਂ ਦੇ ਮੰਤਰੀ ਰਿਕ ਮੈਕਆਈਵਰ ਦੇ ਆਦੇਸ਼ ਦੁਆਰਾ ਇਸ ਫੈਸਲੇ ਵਿੱਚ ਚੈਸਟਰਮੀਅਰ ਦੇ ਮੇਅਰ ਜੈਫ ਕੋਲਵਿਨ, ਕੌਂਸਲਰ ਸਟੀਫਨ ਹੈਨਲੇ, ਮੇਲ ਫੋਟ ਅਤੇ ਬਲੇਨ ਫੰਕ, ਅਤੇ ਸ਼ਹਿਰ ਦੇ ਤਿੰਨ ਮੁੱਖ ਪ੍ਰਸ਼ਾਸਨਿਕ ਅਧਿਕਾਰੀ, ਕਿਮ ਵੈਲੇਸ, ਟ੍ਰੈਵਿਸ ਫਿਲੀਅਰ ਅਤੇ ਕੈਮ ਵੋਂਗ, ਜਿਨ੍ਹਾਂ ਨੇ ਕਈ ਮਹੀਨਿਆਂ ਤੋਂ ਸ਼ਹਿਰ ਦੇ ਸ਼ਾਸਨ ਦੀ ਸੂਬਾਈ ਜਾਂਚ ਦਾ ਮੁਕਾਬਲਾ ਕੀਤਾ ਹੈ, ਨੂੰ ਤੁਰੰਤ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਪਰ ਅਲਬਰਟਾ ਸਰਕਾਰ ਨੇ ਤੈਅ ਕੀਤਾ ਹੈ ਕਿ ਕੌਂਸਲਰਾਂ ਸੈਂਡੀ ਜੌਹਲ-ਵਾਟ, ਸ਼ੈਨਨ ਡੀਨ ਅਤੇ ਰਿਤੇਸ਼ ਨਰਾਇਣ ਨੂੰ ਹਟਾਉਣਾ ਜਾਇਜ਼ ਨਹੀਂ ਹੋਵੇਗਾ। ਮੰਤਰੀ ਰਿੱਕ ਮੈਕਆਈਵਰ ਦਾ ਕਹਿਣਾ ਹੈ ਕਿ "ਮੈਨੂੰ ਭਰੋਸਾ ਹੈ ਕਿ ਇਹ ਕਾਰਵਾਈ ਚੈਸਟਰਮੀਅਰ ਦੇ ਨਾਗਰਿਕਾਂ ਦੇ ਸਰਵੋਤਮ ਹਿੱਤ ਵਿੱਚ ਹੈ, ਜੋ ਆਪਣੀ ਸਥਾਨਕ ਸਰਕਾਰ ਵਿੱਚ ਭਰੋਸਾ ਅਤੇ ਵਿਸ਼ਵਾਸ ਰੱਖਣ ਦੇ ਹੱਕਦਾਰ ਹਨ। ਬਰਖਾਸਤਗੀ ਸੂਬੇ ਦੇ ਮਿਉਂਸਪਲ ਨਿਰੀਖਣ ਦੇ ਵਿਰੁੱਧ ਮੇਅਰ ਜੈਫ ਕੋਲਵਿਨ, ਉਸਦੇ ਤਿੰਨ ਸਹਿਯੋਗੀ ਕੌਂਸਲਰਾਂ ਅਤੇ ਸ਼ਹਿਰ ਦੇ ਪ੍ਰਸ਼ਾਸਨ ਦੁਆਰਾ ਇੱਕ ਸਾਲ ਤੋਂ ਵੱਧ ਚੱਲੀ ਖਿਚੋਤਾਣੀ ਦੇ ਬਾਅਦ ਹੋਈ ਹੈ, ਜੋ ਕਿ ਮਈ 2022 ਵਿੱਚ ਸ਼ੁਰੂ ਕੀਤੀ ਗਈ ਸੀ। ਅਲਬਰਟਾ ਸਰਕਾਰ ਨੇ ਸ਼ੁਰੂ ਵਿੱਚ 20,000 ਵਿਅਕਤੀਆਂ ਵਾਲੀ ਸ਼ਹਿਰ ਦੀ ਕੌਂਸਲ ਨੂੰ ਹਟਾਉਣ ਦਾ ਇਰਾਦਾ ਬਣਾਇਆ ਸੀ, ਜਿਵੇਂ ਕਿ 18 ਅਕਤੂਬਰ 2023 ਨੂੰ ਮੰਤਰੀ ਵੱਲੋਂ ਸ਼ਹਿਰ ਨੂੰ ਲਿਖੇ ਪੱਤਰ ਵਿੱਚ ਦੱਸਿਆ ਗਿਆ ਸੀ, ਮੈਕਆਈਵਰ ਨੇ ਕਿਹਾ ਕਿ ਕੌਂਸਲਰ ਸੈਂਡੀ ਜੌਹਲ-ਵਾਟ, ਸ਼ੈਨਨ ਡੀਨ ਅਤੇ ਰਿਤੇਸ਼ ਨਾਰਾਇਣ ਆਪਣੀਆਂ ਨੌਕਰੀਆਂ ਰੱਖਣਗੇ , ਕਿਉਂਕਿ ਉਹਨਾਂ ਦੇ ਕੰਮ ਨੂੰ ਧਿਆਨ ਵਿੱਚ ਰੱਖਣ ਅਤੇ ਵਧੇਰੇ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਵਧਣ ਲਈ ਤਿੰਨਾਂ ਲਈ ਬਰਖਾਸਤਗੀ "ਜਾਇਜ਼ ਨਹੀਂ" ਸੀ। ਹਾਲਾਂਕਿ ਉਨ੍ਹਾਂ ਨੂੰ ਅਹੁਦੇ ਤੋਂ ਨਹੀਂ ਹਟਾਇਆ ਜਾਵੇਗਾ, ਜੌਹਲ-ਵਾਟ, ਡੀਨ ਅਤੇ ਨਰਾਇਣ ਸ਼ਹਿਰ ਦੇ ਸ਼ਾਸਨ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਣਗੇ ਜਦੋਂ ਤੱਕ ਕਿ ਹੁਣੇ ਖਾਲੀ ਪਏ ਚਾਰ ਅਹੁਦਿਆਂ ਨੂੰ ਭਰਨ ਲਈ ਜ਼ਿਮਨੀ ਚੋਣ ਨਹੀਂ ਹੋ ਜਾਂਦੀ। ਮੰਤਰੀ ਦੇ ਹੁਕਮਾਂ ਅਨੁਸਾਰ ਛੇ ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਹੋਵੇਗੀ।

## ਫੈਡਰਲ ਸਰਕਾਰ ਨੇ ਆਨਲਾਈਨ ਨਿਊਜ਼ ਐਕਟ ਤਹਿਤ ਗੂਗਲ ਨਾਲ ਡੀਲ ਸਿਰੇ ਚੜ੍ਹਾਈ




ਓਟਵਾ, (ਪੰਜਾਬੀ ਅਖ਼ਬਾਰ ਬਿਊਰੋ) ਆਨਲਾਈਨ ਨਿਊਜ਼ ਐਕਟ ਦੇ ਮਾਮਲੇ ਵਿੱਚ ਫੈਡਰਲ ਸਰਕਾਰ ਦੀ ਗੂਗਲ ਨਾਲ ਡੀਲ ਸਿਰੇ ਚੜ੍ਹ ਗਈ ਹੈ। ਇਸ ਡੀਲ ਤਹਿਤ ਗੂਗਲ ਪਬਲਿਸ਼ਰਜ਼ ਨੂੰ ਸਾਲਾਨਾ 100 ਮਿਲੀਅਨ ਡਾਲਰ ਅਦਾ ਕਰੇਗਾ ਤੇ ਬਦਲੇ ਵਿੱਚ ਆਪਣੇ ਪਲੇਟਫਾਰਮ ਉੱਤੇ ਕੈਨੇਡੀਅਨ ਨਿਊਜ਼ ਲਾਵੇਗਾ। ਕੈਨੇਡੀਅਨ ਹੈਰੀਟੇਜ ਮੰਤਰੀ ਪਾਸਕਲ ਸੇਂਟ ?ਜ ਨੇ ਐਲਾਨ ਕੀਤਾ ਕਿ ਬਿੱਲ ਸੀ-18 ਨੂੰ ਲਾਗੂ ਕਰਨ ਦਾ ਇਹ ਇਤਿਹਾਸਕ ਫੈਸਲਾ ਹੈ। ਇਸ ਤੋਂ ਪਹਿਲਾਂ ਗੂਗਲ ਨੇ ਉਸ ਸਮੇਂ ਆਪਣੇ ਪਲੇਟਫਾਰਮ ਉੱਤੇ ਕੈਨੇਡੀਅਨ ਨਿਊਜ਼ ਬਲਾਕ ਕਰਨ ਦੀ ਧਮਕੀ ਦਿੱਤੀ ਸੀ ਜਦੋਂ ਨਵੇਂ ਨਿਯਮ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਹ ਨਵੇਂ ਨਿਯਮ ਅਗਲੇ ਮਹੀਨੇ ਤੋਂ ਲਾਗੂ ਹੋ ਜਾਣਗੇ।ਸੇਂਟ ਓਂਜ ਨੇ ਇਹ ਵੀ ਆਖਿਆ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਗੂਗਲ ਨੂੰ ਕੋਈ ਵੀ ਛੋਟ ਨਹੀਂ ਦਿੱਤੀ ਗਈ। ਬਿੱਲ ਸੀ-18 ਜਾਂ ਆਨਲਾਈਨ ਨਿਊਜ਼ ਐਕਟ ਤਹਿਤ ਅਜਿਹਾ ਫਰੇਮਵਰਕ ਲਿਆਂਦਾ ਗਿਆ ਜਿਸ ਤਹਿਤ ਗੂਗਲ ਤੇ ਮੈਟਾ ਵਰਗੀਆਂ ਡਿਜੀਟਲ ਕੰਪਨੀਆਂ ਨੂੰ ਕੈਨੇਡੀਅਨ ਨਿਊਜ਼ ਸਾਈਟਸ ਦੀਆਂ ਖਬਰਾਂ ਆਪਣੇ ਪਲੇਟਫਾਰਮ ਉੱਤੇ ਵਰਤਣ ਬਦਲੇ ਉਨ੍ਹਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕੀਤੀ ਗਈ। ਪਰ ਜਦੋਂ ਜੂਨ ਵਿੱਚ ਇਹ ਬਿੱਲ ਪਾਸ ਹੋਇਆ ਤਾਂ ਗੂਗਲ ਤੇ ਮੈਟਾ ਨੇ ਇਹ ਆਖਿਆ ਕਿ ਮੀਡੀਆ ਆਰਗੇਨਾਈਜ਼ੇਸ਼ਨਜ਼ ਨੂੰ ਮੁਆਵਜ਼ਾ ਦੇਣ ਦੀ ਥਾਂ ਉਹ ਆਪਣੇ ਪਲੇਟਫਾਰਮਜ਼ ਤੋਂ ਕੈਨੇਡੀਅਨ ਨਿਊਜ਼ ਹੀ ਬਲਾਕ ਕਰ ਦੇਣਗੇ। ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੈਟਾ ਨੂੰ ਵੀ ਅਜਿਹੀ ਡੀਲ ਕਰਨ ਦੀ ਅਪੀਲ ਕੀਤੀ। ਪਰ ਇੱਥੇ ਦੱਸਣਾ ਬਣਦਾ ਹੈ ਕਿ ਮੈਟਾ ਆਪਣੇ ਪਹਿਲਾਂ ਵਾਲੇ ਸਟੈਂਡ ਉੱਤੇ ਹੀ ਕਾਇਮ ਹੈ।


































Calgary





# ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਨੂੰ ਘਟਾਉਣ ਦਾ ਫੈਸਲਾ ਕਰੋ

ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਸੰਬੰਧੀ **ਨਵਾਂ** ਉਪ-ਨਿਯਮ
16, ਜਨਵਰੀ 2024 ਤੋਂ ਸ਼ੁਰੂ ਹੋ ਰਿਹਾ ਹੈ

## ਆਪਣਾ ਯੋਗਦਾਨ ਪਾਉਣ ਲਈ:

- ਸਿਰਫ਼ ਉਨ੍ਹਾਂ ਬੈਗਾਂ ਅਤੇ ਭੋਜਨ ਸੰਬੰਧੀ ਸਮਾਨ ਦੀ ਮੰਗ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।
- ਫੀਸਾਂ ਤੋਂ ਬਚਣ ਲਈ, ਆਪਣਾ ਖੁਦ ਦਾ ਬੈਗ ਨਾਲ ਲਿਆਓ।

ਇਹ ਇਨ-ਸਟੋਰ, ਟੇਕ-ਆਉਟ, ਡਰਾਈਵ-ਥਰੂ, ਡਿਲਿਵਰੀ ਅਤੇ ਔਨਲਾਈਨ ਆਰਡਰਿੰਗ 'ਤੇ ਲਾਗੂ ਹੁੰਦਾ ਹੈ।

calgary.ca/singleuse
'ਤੇ ਹੋਰ ਜਾਣੋ




# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਮੈਂਬਰਾਂ ਨੇ ਆਪਸੀ ਮਿਲਣੀ ਕੀਤੀ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਬਜ਼ੁਰਗਾਂ ਵੱਲੋਂ ਬਣਾਈ ਗਈ ਨਾਮਵਰ ਸੰਸਥਾ, ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਨਵੰਬਰ ਦੀ ਮਹੀਨਾਵਾਰ ਇਕੱਤਰਤਾ ਹੋਈ। ਪ੍ਰੋਗਰਾਮ ਦੇ ਸ਼ੁਰੂ ਵਿਚ ਐਸੋਸ਼ੀਏਸ਼ਨ ਦੇ 6 ਮੈਂਬਰਾਂ ( ਸਤਵੰਤ ਕੌਰ ਬਰਾੜ, ਬੀਰਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਸੁਰਜੀਤ ਸਿੰਘ ਹੇਅਰ, ਇੰਦੂ ਸਹਿਗਲ ਤੇ ਸਤੀਸ਼ ਸ਼ਰਮਾ )ਦੇ ਜਨਮ ਦਿਨ ਮਨਾਏ ਗਏ ਅਤੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਦਰਸ਼ਨ ਸਿੰਘ ਧਾਲੀਵਾਲ ਨੇ ਨਾਰਥ ਈਸਟ ਕੈਲਗਰੀ ਦੇ ਪਾਰਕਾਂ ਅਤੇ ਸੀ-ਟ੍ਰੇਨ ਸਟੇਸ਼ਨਾਂ ਤੇ ਵਾਸ਼ਰੂਮ ਬਣਾਉਣ ਲਈ ਕੀਤੀ ਜਾਣ ਵਾਲੀ ਮੰਗ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਰੈਡ ਐਫ ਐਮ ਰੇਡੀਓ ਦੇ ਨਿਊਜ ਡਾਇਰੈਕਟਰ ਰਿਸ਼ੀ ਨਾਗਰ ਜੋ ਕਿ ਆਪਣੀ ਭਾਰਤ ਫੇਰੀ ਤੋਂ ਕੁੱਝ ਦਿਨ ਪਹਿਲਾਂ ਹੀ ਵਾਪਸ ਆਏ ਹਨ,ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਤੇ ਪੰਜਾਬ ਅਤੇ ਭਾਰਤ ਦੇ ਮੌਜੂਦਾ ਰਾਜਨੀਤਕ ਅਤੇ ਸਮਾਜਿਕ ਹਾਲਾਤਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਸ ਤੋਂ ਬਾਦ ਮਾਸਟਰ ਬਚਿੱਤਰ ਸਿੰਘ ਦੀ ਕਵੀਸ਼ਰੀ ਤੋਂ ਇਲਾਵਾ ਜਰਨੈਲ ਸਿੰਘ ਤੱਗੜ, ਸ਼ਮਿੰਦਰ ਸਿੰਘ ਤੇ ਸੁਰਜੀਤ ਕੌਰ ਕੰਮੋਅ, ਜਸਵਿੰਦਰ ਸਿੰਘ ਗਿੱਲ,ਮਹਿੰਦਰ ਸਿੰਘ ਸਾਹੀ ਅਤੇ ਲਲਿਤਾ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਲੋਕਾਂ ਦਾ ਮਨੋਰੰਜਨ ਕੀਤਾ। ਅੱਜ ਦੀ ਮਿਲਣੀ ਦੇ ਅਖੀਰ ਵਿੱਚ ਸਾਰਿਆਂ ਨੇ ਖਾਣੇ ਦਾ ਅਨੰਦ ਮਾਣਿਆ।

## ਕਨੇਡਾ ਦੀ ਫੈਡਰਲ ਸਰਕਾਰ ਅਮਰੀਕਾ ਤੋਂ 14 ਬੋਇੰਗ ਸਰਵੇਲੈਂਸ ਜਹਾਜ਼ ਖਰੀਦਣ ਜਾ ਰਹੀ ਹੈ

ਓਟਵਾ, (ਪੰਜਾਬੀ ਅਖ਼ਬਾਰ ਬਿਊਰੋ) ਆਪਣੇ ਉਮਰਦਰਾਜ਼ ਹੋ ਚੁੱਕੇ ਸੀਪੀ-140 ਅਰੋਰਾ ਫਲੀਟ ਨੂੰ ਬਦਲਣ ਲਈ ਫੈਡਰਲ ਸਰਕਾਰ ਅਮਰੀਕਾ ਤੋਂ 14 ਬੋਇੰਗ ਸਰਵੇਲੈਂਸ ਜਹਾਜ਼ ਖਰੀਦਣ ਜਾ ਰਹੀ ਹੈ। ਇਸ ਡੀਲ ਉੱਤੇ 10·3 ਬਿਲੀਅਨ ਡਾਲਰ ਦਾ ਕੁੱਲ ਖਰਚਾ ਆਵੇਗਾ, ਜਿਨ੍ਹਾਂ ਵਿੱਚੋਂ 5·9 ਬਿਲੀਅਨ ਡਾਲਰ ਦੇ ਤਾਂ ਜੈੱਟ ਹੀ ਹੋਣਗੇ। ਇਹ ਜਹਾਜ਼ ਕੈਨੇਡਾ ਨੂੰ 2026 ਤੇ 2027 ਵਿੱਚ ਮਿਲ ਜਾਣਗੇ। ?ਟਵਾ ਵਿੱਚ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੱਖਿਆ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਇਹ ਏਅਰਕ੍ਰਾਫਟ ਮਾਮੂਲੀ ਜਹਾਜ਼ ਨਹੀਂ ਹੋਣਗੇ। ਇਨ੍ਹਾਂ ਦਾ ਗੁੰਝਲਦਾਰ ਵੈਪਨਜ਼ ਸਿਸਟਮ ਹੋਵੇਗਾ ਤੇ ਇਨ੍ਹਾਂ ਦੀ ਸਫਲਤਾ ਦਾ ਟਰੈਕ ਰਿਕਾਰਡ ਵੀ ਬਹੁਤ ਚੰਗਾ ਹੈ। ਕੈਨੇਡਾ ਦਾ ਅਰੋਰਾ ਫਲੀਟ, ਪਹਿਲਾਂ ਹੀ ਚਾਰ ਦਹਾਕੇ ਪੁਰਾਣਾ ਹੈ ਤੇ 2030 ਵਿੱਚ ਇਹ ਜਹਾਜ਼ ਆਪਣੀ ਰਿਟਾਇਰਮੈਂਟ ਦੀ ਉਮਰ ਵਿੱਚ ਪਹੁੰਚ ਜਾਣਗੇ। ਬਲੇਅਰ ਨੇ ਆਖਿਆ ਕਿ ਇਨ੍ਹਾਂ ਜਹਾਜ਼ਾਂ ਨੂੰ ਉਸ ਤੋਂ ਪਹਿਲਾਂ ਹੀ ਬਦਲਣਾ ਬੇਹੱਦ ਜ਼ਰੂਰੀ ਹੋ ਗਿਆ ਸੀ। ਬਲੇਅਰ ਨੇ ਆਖਿਆ ਕਿ ਸਾਡੇ ਕੋਲ ਇਹ ਸਹੀ ਚੋਣ ਨਹੀਂ ਸੀ ਸਗੋਂ ਸਿਰਫ ਇਹੋ ਬਦਲ ਮੌਜੂਦ ਸੀ।

# ਲੋਕ ਕੀ ਕਹਿਣਗੇ! 2023 ਈਵੈਂਟ ਵਿੱਚ ਭਰਪੂਰ ਹਾਜ਼ਰੀ ਰਹੀ




ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੈਨ ਕਲਚਲ ਐਸੋਸੀਏਸ਼ਨ ਵੱਲੋਂ ਪਿਛਲੇ ਪੰਜ ਸਾਲ ਤੋਂ ਆਪਣਾ ਸਾਲਾਨਾ ਈਵੇਂਟ 26 ਨਵੰਬਰ ਦਿਨ ਐਤਵਾਰ ਨੂੰ ਟੈਂਪਲ ਕਮਿਊਨਿਟੀ ਹਾਲ ਵਿੱਚ 'ਲੋਕ ਕੀ ਕਹਿਣਗੇ!' ਬੈਨਰ ਹੇਠ ਕੀਤਾ ਗਿਆ । ਇਸ ਈਵੈਂਟ ਦਾ ਮਕਸਦ 'ਲੋਕ ਕੀ ਕਹਿਣਗੇ!' ਸਮਾਜਿਕ ਰੀਤ ਤਹਿਤ ਸਮਾਜ ਵਿੱਚ ਮੌਜੂਦ ਧਾਰਨਾਵਾਂ, ਭ੍ਰਾਂਤੀਆਂ, ਵਰਜਨਾਵਾਂ, ਗਲਤਫ਼ਹਿਮੀਆਂ ਆਦਿ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸੀ।ਅੱਜ ਦੀ ਈਵੈਂਟ ਦਾ ਟੌਪਿਕ 'ਸਮਾਜਿਕ ਰਿਸ਼ਤਿਆਂ ਦਾ ਦਿਮਾਗੀ ਸਿਹਤ ਤੇ ਪ੍ਰਭਾਵ' ਹਰੇਕ ਦਾ ਧਿਆਨ ਖਿੱਚ ਰਿਹਾ ਸੀ।

ਸਟੇਜ ਦਾ ਸੰਚਾਲਨ ਕਰਦਿਆਂ ਸਭਾ ਦੇ ਕੋਆਰਡੀਨੇਟਰ ਗੁਰਚਰਨ ਥਿੰਦ ਵਲੋਂ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ, ਵਿਸ਼ਾ ਮਾਹਿਰ ਸ਼੍ਰੀ ਮਤੀ ਬੇਲਾ ਗੁਪਤਾ ਅਤੇ ਮਿਸਟਰ ਸੱਜਾਦ ਮਿਰਜ਼ਾ ਜੀ ਨੂੰ ਮੰਚ ਤੇ ਬੈਠਣ ਦਾ ਸੱਦਾ ਦਿੱਤਾ। ਸੁਰਿੰਦਰ ਸੰਧੂ ਦੁਆਰਾ ਸ਼ਬਦ ਗਾਇਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤ ਸਿਟੀ ਕੌਂਸਲਰ ਰਾਜ ਧਾਲੀਵਾਲ ਨੇ ਆਪਣੇ ਸੰਬੋਧਨ ਵਿੱਚ ਅੱਜ ਦੇ ਇਸ ਸਮਾਗਮ ਦੀ ਸਾਰਥਿਕਤਾ ਬਾਰੇ ਗੱਲ ਕੀਤੀ ਅਤੇ ਸਭਾ ਨੂੰ ਕਮਿਊਨਿਟੀ ਲਈ ਅਜਿਹਾ ਮਹੱਤਵ ਪੂਰਨ ਕਾਰਜ ਕਰਨ ਦੀ ਵਧਾਈ ਦਿੱਤੀ। ਉਨ੍ਹਾਂ ਨੇ ਸਭਾ ਦੇ ਪ੍ਰਧਾਨ ਅਤੇ ਐਗਜ਼ੈਕਟਿਵ ਮੈਂਬਰਾਂ ਦੇ ਨਾਲ ਮਿਲ ਕੇ ਜਪਾਨੀ ਮੂਲ ਦੀ ਔਰਤ 'ਕੈਂਡਰਾ ਓਹਾਮਾ' ਨੂੰ 'ਕਰੈਂਜ ਐਂਡ ਪ੍ਰਸੀਵੀਐਂਸ' ਅਵਾਰਡ ਨਾਲ ਸਨਮਾਨਤ ਕੀਤਾ। 'ਕੈਂਡਰਾ ਓਹਾਮਾ' ਨੂੰ ਇਹ ਸਨਮਾਨ ਉਨ੍ਹਾਂ ਦੇ 16 ਸਾਲ ਦੀ ਉਮਰ ਵਿੱਚ ਅਪਾਹਜ ਹੋ ਜਾਣ ਦੇ ਬਾਵਜੂਦ ਇੱਕ ਉੱਚ ਦਰਜੇ ਦੀ ਖਿਡਾਰਨ ਵੱਜੋਂ ਪੈਰਾਓਲਿੰਪਕਸ ਵਿੱਚ ਜਿੱਤਾਂ ਪ੍ਰਾਪਤ ਕਰਨ ਅਤੇ ਇੱਕ ਕਾਮਯਾਬ ਗੋਲਡਸਮਿੱਥ ਬਿਜ਼ਨਸ ਵੂਮੇਨ ਬਣਨ 'ਤੇ, ਉਨ੍ਹਾਂ ਦੇ ਹੌਸਲੇ ਅਤੇ ਲਗਨ ਦੀ ਪ੍ਰਸ਼ੰਸਾ ਹਿੱਤ ਪ੍ਰਦਾਨ ਕੀਤਾ ਗਿਆ।

ਪ੍ਰਧਾਨ ਡਾ: ਬਲਵਿੰਦਰ ਕੌਰ ਬਰਾੜ ਨੇ ਸਾਲ 2023 ਦੀ ਸਭਾ ਦੀ ਸਾਲਾਨਾ ਰਿਪੋਰਟ ਪੜ੍ਹੀ ਅਤੇ ਭਰਵੀਂ ਹਾਜ਼ਰੀ ਲਈ ਸਭ ਦਾ ਧੰਨਵਾਦ ਕੀਤਾ। ਪਹਿਲੇ ਵਿਸ਼ਾ ਮਾਹਿਰ ਸੱਜਾਦ ਮਿਰਜ਼ਾ ਜੀ, ਜੋ ਕਿ 'ਪੰਜਾਬੀ ਕਮਿਊਨਿਟੀ ਹੈਲਥ ਸੈਂਟਰ' (ਪੀ ਸੀ ਐੱਚ ਐੱਸ) ਵਿੱਚ ਕਾਊਂਸਲਰ ਵਜੋਂ ਸੇਵਾ ਨਿਭਾ ਰਹੇ ਹਨ, ਨੇ ਵਿਅਕਤੀ ਦੀ ਮਾਨਸਿਕ ਸਿਹਤ ਸਬੰਧੀ ਅਤੇ ਉਸ ਉਪਰ ਆਪਸੀ ਰਿਸ਼ਿਤਿਆਂ ਦਾ ਨਿਭਾਅ ਕਿਵੇਂ ਅਸਰ ਕਰਦਾ ਹੈ, ਬਾਰੇ ਬਹੁਤ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਉਪਰੰਤ ਕੈਲਗਰੀ ਇਮੀਗ੍ਰੈਂਟ ਵੂਮੇਨ ਐਸੋਸੀਏਸ਼ਨ (ਸੀਵਾ) ਵਿਖੇ ਕਮਿਊਨਿਟੀ ਦੀਆਂ ਇਮੀਗ੍ਰੈਂਟ ਔਰਤਾਂ ਦੀਆਂ ਸੱਮਸਿਆਵਾਂ ਸੁਲਝਾ ਰਹੇ ਸ਼੍ਰੀ ਮਤੀ ਬੇਲਾ ਗੁਪਤਾ ਜੀ ਨੇ ਆਪਣੇ ਨਿੱਜੀ ਤਜਰਬਿਆਂ ਦੀਆਂ ਉਦਾਹਰਣਾਂ ਨਾਲ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਦੇ ਔਰਤਾਂ, ਮਰਦਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਮਾਨਸਿਕ ਸਿਹਤ ਤੇ ਪੈਣ ਵਾਲੇ ਪ੍ਰਭਾਵ ਦੀ ਗੱਲ ਕੀਤੀ। ਇਸ ਸਾਰੇ ਸਮੇਂ ਦੌਰਾਨ ਹਾਜ਼ਰ ਲੋਕ ਮੂਕ ਦਰਸ਼ਕ ਬਣ ਵਿਚਾਰਾਂ ਨੂੰ ਆਪਣੇ ਅੰਦਰ ਸਮੋਅ ਰਹੇ ਸਨ। ਇਸ ਤੋਂ ਬਾਦ ਦੂਸਰੇ ਸੈਸ਼ਨ ਵਿੱਚ ਹਾਜ਼ਰ ਸ੍ਰੋਤਿਆਂ ਨੂੰ ਵਿਚਾਰ ਚਰਚਾ ਵਿੱਚ ਸ਼ਾਮਿਲ ਕਰਨ ਲਈ ਵਲੰਟੀਅਰਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਇਸ ਸਮੇਂ ਉਹ ਦਿੱਤੇ ਹੋਏ ਕਾਰਡ ਉਪਰ ਆਪਣਾ ਸੁਆਲ, ਪੁੱਛ, ਵਿਚਾਰ ਜਾਂ ਮਸ਼ਵਰਾ ਲਿਖ ਕੇ ਦੇ ਸਕਦੇ ਸਨ ਜਾਂ ਜੇਕਰ ਉਹ ਆਪਣੇ ਵਿਚਾਰ ਬੋਲ ਕੇ ਸਾਂਝੇ ਕਰਨਾ ਚਾਹੁੰਦੇ ਹੋਣ ਤਾਂ ਆਪਣਾ ਨਾਂ ਦੇ ਸਕਦੇ ਸਨ। ਇਸ ਸਮੇਂ ਦੌਰਾਨ ਐਮ.ਐਲ.ਏ. ਇਰਫਾਨ ਸਾਬਿਰ, ਐਮ.ਐਲ.ਏ. ਪਰਮੀਤ ਸਿੰਘ, ਐਮ.ਐਲ.ਏ. ਗੁਰਿੰਦਰ ਬਰਾੜ ਹੁਰਾਂ ਹਾਜ਼ਰ ਕਮਿਊਨਿਟੀ ਨੂੰ ਸੰਬੋਧਨ ਕੀਤਾ ਅਤੇ ਸਭਾ ਵਲੋਂ ਅਜਿਹੀ ਕਾਰਗਰ ਈਵੈਂਟ ਦਾ ਆਯੋਜਨ ਕਰਨ ਅਤੇ ਸਭਾ ਵੱਲੋਂ ਕਮਿਊਨਿਟੀ ਵਿੱਚ ਪਾਏ ਜਾ ਰਹੇ ਸਾਰਥਿਕ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।ਸਭਾ ਦੇ ਸੀਨੀਅਰ ਮੈਂਬਰ ਸ਼੍ਰੀ ਮਤੀ ਕੁਲਦੀਪ ਕੌਰ ਘਟੌੜਾ ਅਤੇ ਜੋਗਿੰਦਰ ਕੌਰ ਪੁਰਬਾ ਨੂੰ ਉਨ੍ਹਾਂ ਦੇ ਆਪਣੇ ਪਰਿਵਾਰ ਅਤੇ ਕਮਿਊਨਿਟੀ ਪ੍ਰਤੀ ਪਾਏ ਯੋਗਦਾਨ ਲਈ 'ਅਪੈਰੀਸੀਏਸ਼ਨ ਐਂਡ ਰੈਕੋਗਨੀਸ਼ਨ' ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਦੂਸਰੇ ਸੈਸ਼ਨ ਦੀ ਸ਼ੁਰੂਆਤ ਜਤਿੰਦਰ ਪੇਲੀਆ, ਹਰਬੰਸ ਪੇਲੀਆ ਅਤੇ ਦਵਿੰਦਰ ਘੋਤਰਾ ਵੱਲੋਂ ਅਤਿ ਮਿੱਠੀ ਰਲਵੀਂ ਸੁਰ ਵਿੱਚ ਗਾਏ ਲੋਕ ਗੀਤ ਨਾਲ ਹੋਈ। ਚਰਨਜੀਤ ਬਾਜਵਾ ਨੇ ਪੰਜਾਬ ਦੀ ਮਿੱਟੀ ਨੂੰ ਸੰਬੋਧਿਤ ਗੀਤ 'ਇਹ ਗੋਰੀ ਚਿੱਟੀ ਏ ਇਹਦਾ ਰੰਗ ਸੰਧੂਰੀ ਏ, ਇਹਨੂੰ ਮੈਲ਼ੀ ਨਾ ਕਰਿਓ ਮੇਰੇ ਪੰਜਾਬ ਦੀ ਮਿੱਟੀ ਏ।' ਆਪਣੀ ਬੁਲੰਦ ਅਵਾਜ਼ ਵਿੱਚ ਪੇਸ਼ ਕਰ ਤਾੜ੍ਹੀਆਂ ਦੀ ਭਰਵੀਂ ਦਾਦ ਖੱਟੀ।ਸਟੇਜ ਗੁਰਚਰਨ ਥਿੰਦ ਨੇ ਲੜੀਬੱਧ ਕੀਤੇ ਹਾਜਰੀਨ ਦੇ ਕਾਰਡਾਂ ਨੂੰ ਵਾਰੀ ਵਾਰੀ ਪੜ੍ਹਿਆ। ਮਾਹਿਰਾਂ ਨੇ ਇਸ ਵਿੱਚ ਪੁੱਛੇ ਗਏ ਸੁਆਲਾਂ, ਖ਼ਦਸ਼ਿਆਂ ਤੇ ਵਿਚਾਰਾਂ ਨੂੰ ਸੁਣਿਆ ਅਤੇ ਜੁਆਬੀ ਰੂਪ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ। ਇਹ ਪੁੱਛਾਂ ਆਮ ਲੋਕਾਂ ਦੇ ਮਨਾਂ ਵਿੱਚ ਇਸ ਵਿਸ਼ੇ ਸਬੰਧੀ ਹੋਰ ਜਾਨਣ ਦੀ ਇੱਛਾ, ਆਪਣੇ ਖ਼ਦਸ਼ਿਆਂ ਨੂੰ ਸਪੱਸ਼ਟ ਕਰਨ ਦੀ ਭਾਵਨਾ ਅਤੇ ਹੋਰ ਜਾਗਰੂਕ ਹੋਣ ਦੀ ਚਾਹਨਾ ਪ੍ਰਗਟ ਕਰ ਰਹੀਆਂ ਸਨ। ਜੋ ਬੋਲ ਕੇ ਇਸ ਵਿਚਾਰ ਚਰਚਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ ਉਨ੍ਹਾਂ ਨੂੰ ਉਨ੍ਹਾਂ ਦੀ ਸੀਟ ਤੇ ਮਾਈਕ ਦਿੱਤਾ ਗਿਆ। ਗੁਰਬਚਨ ਸਿੰਘ ਬਰਾੜ, ਬਲਬੀਰ ਗੋਰਾ, ਬਚਿੱਤਰ ਸਿੰਘ, ਉਰਮਿਲਾ ਸ਼ਰਮਾ, ਪ੍ਰੋਮਿਲਾ ਸ਼ਰਮਾ ਅਤੇ ਇੰਦਰਜੀਤ ਮਾਨ ਦੇ ਪੇਸ਼ ਕੀਤੇ ਵਿਚਾਰਾਂ ਦੀ ਭਾਵਪੂਰਤਾ ਇਸ ਪ੍ਰਕਾਰ ਦਿੱਤੇ ਗਏ ਬੋਲਣ ਦੇ ਮੌਕੇ ਦੀ ਸਾਰਥਿਕਤਾ ਤੇ ਮੋਹਰ ਲਾ ਰਹੀ ਸੀ। ਇਸ ਸੈਸ਼ਨ ਦੇ ਲਗਪਗ ਡੇਢ ਘੰਟੇ ਦੇ ਸਮੇਂ ਵਿੱਚ ਹਾਲ ਵਿੱਚ ਬੈਠਾ ਹਰ ਕੋਈ ਪੂਰੀ ਤਰ੍ਹਾਂ ਵਿਚਾਰ-ਚਰਚਾ ਨਾਲ ਜੁੜਿਆ ਹੋਇਆ ਸੀ। ਵਿਸ਼ਾ ਮਾਹਿਰ ਬੇਲਾ ਗੁਪਤਾ ਅਤੇ ਸੱਜਾਦ ਮਿਰਜ਼ਾ ਜੀ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ। ਪ੍ਰੋਗਰਾਮ ਦੀ ਸਮਾਪਤੀ ਤੋਂ ਪਹਿਲਾਂ ਗੁਰਦੀਸ਼ ਗਰੇਵਾਲ ਨੇ ਬਜ਼ੁਰਗਾਂ ਨੂੰ ਸਮਰਪਿਤ ਆਪਣੀ ਰਚਨਾ ਸਾਂਝੀ ਕੀਤੀ। ਸਰਬਜੀਤ ਉੱਪਲ ਨੇ ਇੱਕ ਗੀਤ 'ਤੇ ਡਾਂਸ ਕੀਤਾ। ਆਖਿਰ ਵਿੱਚ ਸਭਾ ਦੀਆਂ ਮੈਂਬਰਾਂ ਵਲੋਂ ਰਿਸ਼ਤਿਆਂ ਦੀ ਸਾਂਝ ਦਰਸਾਉਂਦਾ 'ਜੋ ਬੀਜੋਗੇ ਸੋ ਵੱਢੋਗੇ' ਸਕਿੱਟ ਪੇਸ਼ ਕੀਤਾ ਜਿਸਨੂੰ ਸਭ ਨੇ ਸਾਹ ਰੋਕ ਕੇ ਮਾਣਿਆ।









# ਸਾਊਥ ਏਸੀਅਨ ਕੈਨੇਡੀਅਨ ਐਸੋਸੀਏਸ਼ਨ ਨੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਸੀਨੀਅਰ ਵਾਇਸ ਪ੍ਰਧਾਨ ਹਰਦੀਪ ਸਿੰਘ ਸੰਧੂ ਦੀ ਅਗਵਾਈ ਵਿੱਚ ਸਾਊਥ ਏਸੀਅਨ ਕੈਨੇਡੀਅਨ ਐਸੋਸੀਏਸ਼ਨ ਨੇ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ 19 ਨਵੰਬਰ ਵਾਲੇ ਦਿਨ ਟੈਂਪਲ ਕਮਿਊਨਟੀ ਹਾਲ ਵਿੱਚ ਦੀਵਾਲੀ ਦਾ ਤਿਉਹਾਰ ਮਨਾਇਆ। ਕਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਨਾਲ ਪ੍ਰੋਗਰਾਮ ਦੀ ਸੁਰੂਆਤ ਕੀਤੀ ਗਈ। ਫਿਰ ਬਲਵਿੰਦਰ ਕੌਰ ਬਰਾੜ ਨੇ ਧਾਰਮਕ ਗੀਤ ਨਾਲ ਪ੍ਰੋਗਰਾਮ ਦੀ ਸੁਰੂਆਤ ਕੀਤੀ । ਮਹਿੰਦਰ ਸਿੰਘ ਮੁੰਡੀ ਨੇ ਬੰਦੀ ਛੋੜ ਦਿਵਸ ਨੂੰ ਦਿਵਾਲੀ ਦੇ ਤਿਉਹਾਰ ਦੇ ਰੂਪ ਵਿੱਚ ਮਨਾਉਣ ਬਾਰੇ ਚਾਨਣਾ ਪਾਇਆ। ਸਰਿੰਦਰ ਕੌਰ ਸੰਧੂ ਨੇ ਮਿੰਨੀ ਨਾਟਕ ਧੀ ਅਤੇ ਨੂੰ ਵਿੱਚ ਫਰਕ ਕਿਉਂ ਦੀ ਪੇਸ਼ਕਾਰੀ ਕੀਤੀ ।

ਜਗਦੀਸ ਕੌਰ ਸਰੋਆ,ਸਰਬਜੀਤ ਕੌਰ ਉੱਪਲ,ਗੁਰਤੇਜ ਕੌਰ ਸਿੱਧੂ ਨੇ ਕਵਿਤਾਵਾਂ ਬੋਲੀਆਂ। ਗੁਰਚਰਨ ਸਿੰਘ ਹੇਅਰ, ਜਸਵਿੰਦਰ ਸਿੰਘ ਰੁਪਾਲ, ਬਲਵਿੰਦਰ ਸਿੰਘ ਤੂਰ ਦੀਆਂ ਰਚਨਾਵਾਂ ਦੀ ਸ਼ਬਦਾਵਲੀ ਕਮਾਲ ਦੀ ਸੀ। ਮਾਸਟਰ ਬਚਿੱਤਰ ਸਿੰਘ ਗਿੱਲ ਦੀ ਕਵੀਸ਼ਰੀ ਅਤੇ ਡਾਕਟਰ ਜੋਗਾ ਸਿੰਘ ਦੀਆਂ ਗਜ਼ਲਾਂ ਹਾਜ਼ਰੀਨ ਦੇ ਮਨਾਂ ਉਪਰ ਗਹਿਰਾ ਪ੍ਰਭਾਵ ਛੱਡ ਗਈਆਂ। ਗੁਰਚਰਨ ਕੌਰ ਥਿੰਦ, ਪਰਮੀਤ ਸਿੰਘ ਬੋਪਾਰਾਏ ਐਮ ਐਲ ਏ, ਗੁਰਿੰਦਰ ਸਿੰਘ ਬਰਾੜ ਐਮ ਐਲ ਏ,ਕੌਂਸਲਰ ਰਾਜ ਧਾਲੀਵਾਲ ਨੇ



ਵੀ ਆਪਣੇ ਵਿਚਾਰ ਸਾਂਝੇ ਕੀਤੇ। 76 ਸਾਲ ਦੀ ਉਮਰ ਦੇ ਸੋਹਣ ਸਿੰਘ ਢਿੱਲੋਂ ਦਾ ਮੈਡਲ ਅਤੇ ਲੋਈ ਦੇਕੇ ਵਿਸ਼ਸੇਸ ਸਨਮਾਨ ਕੀਤਾ ਗਿਆ। ਉਹਨਾਂ ਦੇ ਮੈਡਲਾਂ ਦੀ ਪ੍ਰਦਰਸ਼ਨੀ ਵੀ ਤੇ ਲਗਾਈ ਗਈ ਜੋ ਕਿ ਉਹਨਾਂ ਨੇ ਕੈਨੇਡਾ ਅਤੇ ਅਮਰੀਕਾ ਤੋਂ 21 ਕਿਲੋਮੀਟਰ 30 ਕਿਲੋਮੀਟਰ ਅਤੇ 40 ਕਿਲੋਮੀਟਰ ਦੀਆਂ ਦੌੜਾਂ ਵਿੱਚ ਜਿੱਤ ਕੇ ਸਾਡੇ ਭਾਈਚਾਰੇ ਦਾ ਨਾਂ ਉੱਚਾ ਕੀਤਾ ਹੈ ।ਇਸ ਸਮਾਗਮ ਵਿੱਚ ਇੰਡੀਅਨ ਐਕਸ ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ, ਇੰਡੋ ਕੈਨੇਡੀਅਨ ਐਸੋਸੀਏਸ਼ਨ, ਦਸਮੇਸ਼ ਕਲਚਰਲ ਸੀਨੀਅਰ ਸੁਸਾਇਟੀ, ਕੈਲਗਰੀ ਵੋਮੈਨਜ਼ ਕਲਚਰਲ ਐਸੋਸੀਏਸ਼ਨ, ਗਲੋਬਲ ਪਰਵਾਸੀ,ਨਾਰਥ ਆਫ ਮੈਕਨਾਈਟ ਕਮਿਊਨਿਟੀ, ਇੰਕਾ ਸੁਸਾਇਟੀ, ਸ਼ਬਦ ਸਾਂਝ ਸੁਸਾਇਟੀ ਦੇ ਮੈਂਬਰਾਂ ਵੀ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰਤੇਜ ਕੌਰ ਸਿੱਧੂ ਦੀ ਗਿੱਧੇ ਦੀ ਟੀਮ ਨੇ ਗੂੜਾ ਰੰਗ ਬੰਨ੍ਹਿਆ। ਇਸ ਸਮਾਗਮ ਲਈ ਕਮੇਟੀ ਮੈਂਬਰ ਰਵਿੰਦਰ ਪਾਲ ਚਾਹਲ, ਜਸਵੰਤ ਸਿੰਘ ਹੀਰ, ਜਸਵੰਤ ਸਿੰਘ ਸਿੱਧੂ, ਜਗਜੀਤ ਸਿੰਘ ਸੋਹੀ,ਜਰਨੈਲ ਸਿੰਘ ਤੱਗੜ, ਨਿਰਮਲ ਸਿੰਘ, ਦਲਵੀਰ ਕੌਰ ਕੰਗ ਨੇ ਆਪੋ ਆਪਣੀਆਂ ਡਿਊਟੀਆਂ ਬਾਖੂਬੀ ਨਿਭਾਈਆਂ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਮੇਲ ਸਿੰਘ ਸੰਧੂ ਨੇ ਇੰਨੇ ਵਧੀਆ ਢੰਗ ਨਾਲ ਨਿਭਾਈ ਕਿ ਹਾਲ ਦੇ ਅੰਦਰੋਂ ਸਾਰਿਆਂ ਦੇ ਮੋਬਾਈਲ ਫੋਨ ਬੰਦ ਕਰਵਾ ਰੱਖੇ ਅਤੇ ਜੇਕਰ ਚਲਦੇ ਪਰੋਗਰਾਮ ਦੌਰਾਨ ਹਾਲ ਅੰਦਰ ਕੋਈ ਵੀ ਕੁਰਸੀਆਂ ਉੱਪਰ ਬੈਠ ਨਾਲ ਦੀ ਕੁਰਸੀ ਵਾਲੇ ਨਾਲ ਘੁਸਰ ਮੁਸਰ ਕਰਨ ਦੀ ਕੋਸਿਸ ਕਰਦਾ ਸੀ ਤਾਂ ਉਹ ਉਸੇ ਮੌਕੇ ਹੀ ਉਸ ਨੂੰ ਇਸ਼ਾਰੇ ਨਾਲ ਤਾੜ ਵੀ ਦਿੰਦੇ ਸਨ।

## ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੈਂਬਰ ਮਿਲਣੀ ਮੌਕੇ ਮੈਂਬਰਾਂ ਨੇ ਆਪੋ ਆਪਣੇ ਵਿਚਾਰਾਂ ਦੀ ਸਾਂਝ ਪਾਈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੈਂਬਰ ਮਿਲਣੀ ਮੌਕੇ ਗੁਰੂ ਨਾਨਕ ਸਾਹਿਬ ਦੀ ਮਹਿਮਾਂ ਵਿੱਚ ਸ਼ਬਦ,ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਆ, ਜਿਉ ਕਰ ਸ਼ਬਦਾਂ ਨਾਲ ਸਤਿਕਾਰ ਜਤਾਇਆ। ਜਸਵੰਤ ਸਿੰਘ ਕਪੂਰ ਅਤੇ ਤਾਰਿਕ ਮਲਿਕ ,ਐਸ.ਕੇ, ਸੁਰਿੰਦਰ ਸਿੰਘ ਢਿਲੋਂ, ਵਿਜੇ ਸਚਦੇਵਾ, ਜੋਗਾ ਸਿੰਘ ਲੇਹਲ ਅਤੇ ਭਜਨ ਸਿੰਘ ਸੱਗੂ ਨੇ 102 ਮੈਂਬਰਾਂ ਦੀ ਇੱਕਤਰਤਾ ਵਾਲੀ ਹਾਜ਼ਰੀ ਦੌਰਾਨ



ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ ਪਲੇਅ ਕੀਤਾ ਗਿਆ।ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਗੁਰੂ ਸਾਹਿਬਾਂ ਦੇ ਫ਼ਲਸਫੇ ਅਤੇ ਉਪਦੇਸ਼ਾਂ ਗੱਲ ਕਰਦਿਆਂ ਅੱਗੋਂ ਦਸੰਬਰ ਮਹੀਨੇ ਆਉਣ ਵਾਲੀਆਂ ਮੀਟਿੰਗਾਂ ਦੀ ਰੂਪ-ਰੇਖਾ ਦਾ ਵੇਰਵਾ ਸਾਂਝਾ ਕੀਤਾ। ਵਾਰ ਵਾਰ ਦਿਨ ਯਹ ਆਏ, ਵਾਰ ਵਾਰ ਦਿਲ ਯਹ ਗਾਏ, ਤੁਮ ਜੀਓ ਹਜ਼ਾਰੋਂ ਸਾਲ।

ਇਸ ਮਹੀਨੇ ਵਿੱਚ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਆਉਂਦੇ ਹਨ, ਉਨ੍ਹਾਂ ਲਈ ਸਮੂਹ ਮੈਂਬਰਾਂ ਨੇ ਮਿਲ ਕੇ ਇਕ ਕਾਵਿ ਸ਼ੇਅਰ ਨਾਲ ਸ਼ੁਭਕਾਮਨਾਵਾਂ ਕੀਤੀਆਂ ।ਦਰਸ਼ਨ ਸਿੰਘ ਧਾਲੀਵਾਲ, ਕਰਮ ਸਿੰਘ ਮੁੰਡੀ ਅਤੇ ਹੈਰੀ ਸੇਖੋਂ ਹੁਰਾਂ ਸਾਹਿਬਾਂ ਦੀਆਂ ਸਿੱਖਿਆਵਾਂ ਪ੍ਰਤੀ ਆਪਣੇ ਪੇਸ਼ਕਾਰੀ ਕੀਤੀ।ਸ਼ਮਿੰਦਰ ਕੰਬੋਅ ਅਤੇ ਉਨ੍ਹਾਂ ਦੀ ਪਤਨੀ ਨੇ ਰਲਕੇ ਯਮਲੇ ਜੱਟ ਦਾ ਗਾਇਆ ਗੀਤ ਸਤਿਗੁਰ ਨਾਨਕ ਆਜਾ, ਦੁਨੀਆਂ ਨੂੰ ਦੀਦ ਦਿਖਾ ਜਾ, ਸੰਗਤ ਵਾਜਾਂ ਮਾਰਦੀ ਸੁਣਾ ਕੇ ਤਾੜ੍ਹੀਆਂ ਦੀ ਭਰਵੀਂ ਦਾਦ੍ਹ ਖੱਟੀ।ਸਕੱਤਰ ਗੁਰਦਿਆਲ ਖਹਿਰਾ ਨੇ ਆਪਣੇ ਗਿਆਨ ਭੰਡਾਰ ਵਿਚੋਂ ਕੁੱਝ ਤੱਥਾਂ ਦੀ ਸਾਂਝ ਪਾਉਂਦਿਆ ਕਿਹਾ, ਖੁਸ਼ੀਆਂ ਦੇ ਮੌਕਿਆਂ ਨੂੰ ਹੱਥੋਂ ਨਾ ਗੁਆਓ। ਇਨ੍ਹਾਂ ਨੂੰ ਯਾਦਗਾਰੀ ਬਣਾਓ।ਉਨ੍ਹਾਂ ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਜੀ ਦਾ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਪਲਾਹਾ ਜੀ ਨੇ ਧੰਨ-ਰਾਸ਼ੀ ਦਾਨ ਕਰਨ ਵਾਲੇ ਦਾਨੀਆ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਕੱਠੀ ਹੋਈ ਮਾਇਆ ਫੂਡ ਬੈਂਕ ਨੂੰ ਜਾਵੇਗੀ।

# ਮਾਝੇ ਦੇ ਮਝੈਲਾਂ ਦੀ ਮਿਲਣੀ ਮੌਕੇ ਐਡਮਿੰਟਨ ਵਿਚ ਪਰਿਵਾਰਿਕ ਸਾਂਝਾਂ ਵਿਚ ਵਾਧਾ ਹੋਇਆ







ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਐਡਮਿੰਟਨ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਮਾਝੇ ਦੇ ਮਝੈਲਾਂ ਦੀ ਪਰਿਵਾਰਿਕ ਮਿਲਣੀ ਯਾਦਗਾਰੀ ਹੋ ਨਿੱਬੜੀ। ਮਹਾਰਾਜਾ ਬੈਂਕੁਇਟ ਹਾਲ ਵਿਖੇ ਇਸ ਮੌਕੇ ਤੇ ਇੱਕ ਵਿਸ਼ੇਸ ਸਮਾਗਮ ਕੀਤਾ ਗਿਆ ਤੇ ਮਾਝੇ ਦੇ ਵੱਖ ਵੱਖ ਪਿੰਡਾਂ ਤੋਂ ਪ੍ਰੀਵਾਰਾਂ ਨੇ ਇੱਕ ਦੂਜੇ ਨਾਲ ਸਾਂਝ ਵਧਾਉਣ ਲਈ ਇਕੱਠੇ ਹੋਏ। ਆਪਸੀ ਭਾਈਚਾਰਕ ਸਾਂਝ ਮਜਬੂਤ ਕਰਨ ਦੇ ਲਈ ਆਪੋ ਆਪਣੇ ਪਿੰਡਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਆਪਸ ਦੇ ਵਿੱਚ ਮੇਲ ਮਿਲਾਪ ਕੀਤਾ। ਇਸ ਮੌਕੇ ਤੇ ਸੱਭਿਆਚਾਰਕ ਵੰਨਗੀਆਂ, ਗਿੱਧਾ, ਭੰਗੜਾ, ਪੰਜਾਬੀ ਗੀਤ ਪੇਸ਼ ਕੀਤੇ ਗਏ। ਨਾਮਵਰ ਪੱਤਰਕਾਰ ਤੇ ਕਾਲਮ ਨਵੀਸ ਸੁਸ਼ੀਲ ਦੋਸਾਂਝ ਨੇ ਆਪਣੇ ਵਿਚਾਰ ਰੱਖੇ ਤੇ ਐਡਮਿੰਟਨ ਦੇ ਮੀਡੋਜ਼ ਤੋਂ ਐਨ ਡੀ ਪੀ ਵਿਧਾਇਕ ਜਸਵੀਰ ਦਿ?ਲ ਨੇ ਮਝੈਲਾਂ ਦੀ ਇਸ ਮਿਲਣੀ ਬਾਰੇ ਬੋਲਦਿਆਂ ਕਿਹਾ ਕਿ ਇਸ ਨਾਲ ਆਪਸੀ ਭਾਈਚਾਰਕ ਸਾਂਝ ਮਜਬੂਤ ਹੁੰਦੀ ਹੈ ਤੇ ਉਨ੍ਹਾਂ ਨੇ ਇਸ ਮਿਲਣੀ ’ਚ ਹਿੱਸਾ ਲੈਣ ਆਏ ਸਾਰੇ ਪ੍ਰੀਵਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਸਟੇਜ ਸਕੱਤਰ ਦੀ ਜਿੰਮੇਵਾਰ ਉਘੇ ਟੀਵੀ ਹੋਸਟ ਤੇ ਰੀਐਲਟਰ ਹਰਜੀਤ ਸਿੰਘ ਸੰਧੂ ਨੇ ਨਿਭਾਈ।

# ਜਦੋਂ ਐਡਮਿੰਟਨ ਦੇ ਕਵੀਆਂ ਨੇ ਮੰਚ ਉਪਰੋਂ ਕਾਵਿਕ ਰੰਗ ਪੇਸ਼ ਕੀਤੇ



ਐਡਮਿੰਟਨ ( ਪੰਜਾਬੀ ਅਖ਼ਬਾਰ ਬਿਊਰੋ) ਸੀਨਅਰ ਸਿਟੀਜ਼ਨ ਸੈਂਟਰ ਐਡਮਿੰਟਨ ਵਿਖੇ ਪ੍ਰੋਗਰੈਸਿਵ ਪੀਪਲਜ਼ ਫਾਊਡੇਸ਼ਨ ਆਫ ਐਡਮਿੰਟਨ ਵੱਲੋਂ ਕਾਵਿ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਵੱਜੋਂ ਪੰਜਾਬੀ ਕਵੀ, ਪੱਤਰਕਾਰ ਤੇ ਉਘੇ ਕਾਲਮ ਨਵੀਸ ਤੇ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸ਼੍ਰੀ ਸੁਸ਼ੀਲ ਦੋਸਾਂਝ ਪੁੱਜੇ । ਮੁੱਖ ਮਹਿਮਾਨ ਵੱਜੋਂ ਐਡਮਿੰਟਨ ਮੀਡੋਜ਼ ਤੋਂ ਐਨ ਡੀ ਪੀ ਵਿਧਾਇਕ ਜਸਵੀਰ ਦਿ?ਲ ਨੇ ਇਸ ਉਪਰਾਲੇ ਲਈ ਸੰਸਥਾ ਨੂੰ ਵਧਾਈ ਦਿੱਤੀ। ਸਟੇਜ ਸਕੱਤਰ ਦੀ ਭੂਮਿਕਾ ਨੌਜੁਆਨ ਕਵੀ ਤੇ ਸੰਸਥਾ ਦੇ ਸਕੱਤਰ ਕਿਰਤਮੀਤ ਕੋਹਾੜ ਨੇ ਨਿਭਾਈ। ਇਸ ਮੌਕੇ ਤੇ ਡਾ:ਕਾਲੀਆ ਪ੍ਰਧਾਨ, ਐਮ ਐਸ ਸੀਲੋ ਉਪ ਪ੍ਰਧਾਨ, ਬਖਸ਼ ਸੰਘਾ ਉਪ ਪ੍ਰਧਾਨ, ਦਲਵੀਰ ਸਾਂਗਿਆਨ, ਜੁਗਿੰਦਰ ਰੰਧਾਵਾ, ਹਰਿੰਦਰ ਹੁੰਦਲ, ਨਵਤੇਜ ਬੈਂਸ, ਕਸ਼ਮੀਰ ਬਦੇਸ਼ਾ, ਸੁਰਿੰਦਰ ਦਿ?ਲ, ਹਰਚੰਦ ਗਰੇਵਾਲ ਤੇ ਰਬਿੰਦਰ ਸਰਾਂ, ਬਲਵੀਰ ਸਿੰਘ ਕੁਲਾਰ ਪ੍ਰਧਾਨ ਸਿਨੀਅਰ ਸਿਟੀਜ਼ਨ ਸੁਸਾਇਟੀ ਐਡਮਿੰਟਨ, ਕੁਲਮੀਤ ਸੰਘਾ, ਰਘਬੀਰ ਬਿਲਾਸਪੁਰੀ,ਅਤੇ ਸਹਿਰ ਦੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜਿਰ ਸਨ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਅਲਬਰਟਾ ਵਿਧਾਨ ਸਭਾ ’ਚ ਮਨਾਇਆ ਗਿਆ



ਐਡਮਿੰਟਨ ( ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਅਲਬਰਟਾ ਸੂਬੇ ਦੀ ਵਿਧਾਨ ਸਭਾ ’ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਵਿਧਾਨ ਸਭਾ ਦੇ ਕੈਪੀਟਲ ਵਿਊ ਰੂਮ ਇੰਨ ਕਿਊਨ ਐਲੀਜੀਬੈਥ 2 ਦੀ ਬਿਲਡਿੰਗ ’ਚ ਸਾਹਿਬ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਤੇ ਇਸ ਮੌਕੇ ਤੇ ਰਾਗੀ ਸਿੰਘਾਂ ਵੱਲੋਂ ਰਸਭਿੰਨੇ ਕੀਰਤਨ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਵਿਚਾਰਾਂ ਵੀ ਸਾਂਝੀਆ ਕੀਤੀਆ ਗਈਆਂ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ । ਵਿਧਾਨ ਸਭਾ ’ਚ ਵਿਰੋਧੀ ਧਿਰ ਦੀ ਨੇਤਾ ਰੈਚਲ ਨੋਟਲੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਤੇ ਚੱਲਣ ਲਈ ਪ੍ਰੇਰਿਆ। ਐਡਮਿੰਟਨ ਅਤੇ ਕੈਲਗਰੀ ਦੀਆਂ ਸਿੱਖ ਸੰਸਥਾਵਾਂ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਸੰਗਤੀ ਰੂਪ ਵਿੱਚ ਹਾਜਿਰੀ ਲਗਵਾਈ । ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।

## ਹੁਣ ਇੰਡੀਅਨ ਲੋਕ ਵੀ ਮਲੇਸ਼ੀਆ ਵਿੱਚ ਬਿਨ੍ਹਾਂ ਵੀਜ਼ਾ ਦੇ ਜਾ ਸਕਣਗੇ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੀਆ ਤੋਂ ਬਾਹਰ ਘੁੰਮਣ ਫਿਰਨ ਦੇ ਸ਼ੌਕੀਨਾਂ ਲਈ ਇਹ ਖ਼ਬਰ ਖੁਸਖ਼ਬਰੀ ਵਾਲੀ ਹੈ, ਕਿ ਦੱਖਣੀ ਪੂਰਬੀ ਏਸ਼ੀਆ ਦਾ ਦੇਸ਼ ਮਲੇਸ਼ੀਆ ਨੇ ਵੀ ਹੁਣ ਇੰਡੀਅਨ ਵਾਸੀਆਂ ਲਈ ਦਾਖਲੇ ਖੋਲ ਦਿੱਤੇ ਹਨ। ਹੁਣ ਉਹ ਬਿਨਾ ਵੀਜ਼ੇ ਦੇ ਮਲੇਸ਼ੀਆ ਆ ਜਾ ਸਕਣਗੇ। ਮਲੇਸ਼ੀਆ ਦੇ ਰਾਸ਼ਟਰਪਤੀ ਨੇ ਖੁਦ ਇਸ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਸ੍ਰੀਲੰਕਾ ਅਤੇ ਥਾਈਲੈਂਡ ਨੇ ਵੀ ਇੰਡੀਅਨਾਂ ਲਈ ਵੀਜ਼ਾ ਫਰੀ ਕੀਤਾ ਸੀ। ਇਸ ਤੋਂ ਪਹਿਲਾਂ ਵੀ ਕਈ ਦੇਸ਼ਾਂ ਨੇ ਇੰਡੀਆ ਲਈ ਮੁਫਤ ਵੀਜ਼ਾ ਦੀ ਵਿਵਸਥਾ ਕੀਤੀ ਹੈ। ਇਸ ਤੋਂ ਪਹਿਲਾਂ ਇੰਡੀਅਨ ਨਾਗਰਿਕ 57 ਦੇਸ਼ਾਂ ਵਿੱਚ ਬਿਨ੍ਹਾਂ ਵੀਜ਼ਾ ਦੇ ਦਾਖਲ ਹੋ ਸਕਦੇ ਸਨ। ਹੁਣ ਮਲੇਸ਼ੀਆ ਨੇ ਵੀ ਇੰਡੀਅਨਾਂ ਲਈ ਵੀਜ਼ਾ ਫਰੀ ਐਂਟਰੀ ਦਾ ਐਲਾਨ ਕੀਤਾ ਹੈ।ਮਲੇਸ਼ੀਆ ਵਿਚ ਵਰਤਮਾਨ ਵਿੱਚ, ਸਾਊਦੀ ਅਰਬ, ਬਹਿਰੀਨ, ਕੁਵੈਤ, ਸੰਯੁਕਤ ਅਰਬ ਅਮੀਰਾਤ, ਈਰਾਨ, ਤੁਰਕੀ, ਜਾਰਡਨ ਦੇ ਨਾਗਰਿਕਾਂ ਨੂੰ ਇਹ ਸਹੂਲਤ ਮਿਲਦੀ ਹੈ। ਹੁਣ ਇੰਡੀਆ ਵੀ ਇਸ ਵਿੱਚ ਸ਼ਾਮਿਲ ਹੋ ਗਿਆ ਹੈ। ਮਲੇਸ਼ੀਆ ਨੇ ਇੰਡੀਅਨ ਨਾਗਰਿਕਾਂ ਨੂੰ 30 ਦਿਨਾਂ ਲਈ ਮੁਫਤ ਵੀਜ਼ਾ ਦੇਣ ਦੀ ਗੱਲ ਕਹੀ ਹੈ। ਹਾਲਾਂਕਿ ਮਲੇਸ਼ੀਆ ਨੇ ਇਸ ਪ੍ਰਣਾਲੀ ਨੂੰ ਚੀਨੀ ਨਾਗਰਿਕਾਂ ਲਈ ਵੀ ਖੋਲ੍ਹ ਦਿੱਤਾ ਹੈ, ਜਿਸ ਨੂੰ 1 ਦਸੰਬਰ ਤੋਂ ਲਾਗੂ ਕੀਤਾ ਜਾਵੇਗਾ। ਵਰਣਨਯੋਗ ਹੈ ਕਿ ਪ੍ਰਧਾਨ ਮੰਤਰੀ ਅਨਵਰ ਇਬਰਾਹਿਮ ਦੇ ਇੱਕ ਬਿਆਨ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਮੁਫਤ ਵੀਜ਼ਾ ਛੋਟ ਸੁਰੱਖਿਆ ਕਲੀਅਰੈਂਸ ਦੇ ਅਧੀਨ ਹੋਵੇਗੀ। ਇਸ ਤੋਂ ਪਹਿਲਾਂ ਚੀਨ ਨੇ ਮਲੇਸ਼ੀਆ ਦੇ ਨਾਗਰਿਕਾਂ ਲਈ 15 ਦਿਨਾਂ ਦੀ ਵੀਜ਼ਾ ਮੁਕਤ ਨੀਤੀ ਦਾ ਐਲਾਨ ਕੀਤਾ ਸੀ।

# ਕੈਲਗਰੀ ਲੇਖਕ ਸਭਾ ਦੀ ਮੀਟਿੰਗ ਵਿੱਚ ਪੰਜਾਬੀ ਬੋਲੀ ਬਾਰੇ ਸੰਜੀਦਾ ਵਾਰਤਾਲਾਪ ਹੋਈ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਸਭਾ ਦੀ ਮਹੀਨਾ ਵਾਰ ਇੱਕਤਰਤਾ 2 ਦਸੰਬਰ, 2023 ਦਿਨ ਸ਼ਨੀਵਾਰ ਨੂੰ ਕੋਸੋ ਹਾਲ ਵਿੱਚ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਿਹੋਤਾ,ਪ੍ਰਿੰਸੀਪਲ ਕ੍ਰਿਸ਼ਨ ਸਿੰਘ ਨੱਛਤਰ ਸਿੰਘ ਪੁਰਬਾ ਦੀ ਪ੍ਰਧਾਨਗੀ ਹੇਠ ਹੋਈ। ਨੱਛਤਰ ਸਿੰਘ ਪੁਰਬਾ ਨੇ ਸਭਾ ਦੇ ਪ੍ਰਧਾਨ ਨੂੰ ਸੰਬੋਧਤ ਆਪਣਾ ਬੇਨਤੀ ਪੱਤਰ ਪੜ੍ਹ ਕੇ ਸੁਣਾਇਆ। ਜਿਸ ਵਿੱਚ ਉਨ੍ਹਾਂ ਸਭਾ ਵਲੋਂ ਪੰਜਾਬੀ ਬੋਲੀ ਦੀ ਉੱਨਤੀ ਵਾਸਤੇ ਇਕਾਈ ਸਥਾਪਤ ਕਰਨ ਅਤੇ ਇਸ ਇਕਾਈ ਵਲੋਂ ਪੰਜਾਬੀ ਬੋਲੀ ਦੀ ਉੱਨਤੀ ਦੇ ਤਰੀਕੇ ਤੇ ਪੈਮਾਨਾ ਸਥਾਪਤ ਕਰਨ ਦੀ ਬੇਨਤੀ ਕੀਤੀ ਸੀ। ਉਨ੍ਹਾਂ ਇਸ ਕੰਮ ਲਈ ਪੰਜਾਬੀ ਬੋਲੀ ਲਈ ਸੰਘਰਸ਼ ਕਰ ਰਹੀਆਂ ਸੰਸਥਾਵਾਂ ਨਾਲ ਤਾਲ ਮੇਲ ਕਰ ਸਾਂਝੇ ਯਤਨ ਕਰਨ ਅਤੇ ਪੰਜਾਬੀ ਬੋਲੀ ਦੀ ਦਿਸ਼ਾ ਤੇ ਦਸ਼ਾ ਨਿਰਧਾਰਣ ਕਰਨ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਦੇ ਇਸ ਪੱਤਰ ਨਾਲ ਹਾਜ਼ਰ ਪੰਜਾਬੀ ਪ੍ਰੇਮੀਆਂ, ਪੰਜਾਬੀ ਹਿਤੈਸ਼ੀਆਂ ਅਤੇ ਪੰਜਾਬੀ ਮਾਹਿਰਾਂ ਦਾ ਇਸ ਵਿਸ਼ੇ ਤੇ ਵਾਰਤਾਲਾਪ ਕਰਨਾ ਜ਼ਰੂਰੀ ਹੋ ਗਿਆ ਜੋ ਕਿ ਬਹੁਤ ਹੀ ਸਾਰਥਕ ਹੋ ਨਿਬੜਿਆ।

ਪ੍ਰਿੰਸੀਪਲ ਸ੍ਰ: ਕ੍ਰਿਸ਼ਨ ਸਿੰਘ ਨੇ ਪੰਜਾਬੀ ਬੋਲੀ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਆਪਸੀ ਵਾਰਤਾਲਾਪ ਵਿੱਚ ਰਹਿ ਗਿਆ ‘ਕਮਿਊਨੀਕੇਸ਼ਨ ਗੈਪ’ ਹੈ ਜੋ ਬੀਤੇ ਵਿੱਚ ਦੇਸ਼ ਦੀ ਵੰਡ ਅਤੇ ਹਾਲ ਵਿੱਚ ਅਜਿਹੇ ਹੋਰ ਵਰਤਾਰਿਆਂ ਦਾ ਕਾਰਨ ਬਣਿਆ ਅਤੇ ਬਣ ਰਿਹਾ ਹੈ।





ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁੱਖੀ ਰਹੇ ਬਲਵਿੰਦਰ ਬਰਾੜ ਨੇ ਗਾਲਬਾਤ ਅੱਗੇ ਵਧਾਉਂਦਿਆਂ ਕਿਹਾ ਕਿ ਭਾਸ਼ਾ ਪ੍ਰਵਰਤਨਸ਼ੀਲ ਹੈ ਜਿਹਦਾ ਸਬੰਧ ਸਾਡੀਆਂ ਲੋੜਾਂ, ਗਰਜ਼ਾਂ ਤੇ ਹਰਜ਼ਾਂ ਨਾਲ ਹੈ। ਪੰਜਾਬੀ, ਪਰਿਵਾਰ ਦੀ ਰੁਜ਼ਗਾਰ ਦੀ ਤੇ ਸਰਕਾਰ ਦੀ ਭਾਸ਼ਾ ਹੋਵੇਗੀ ਤਾਂ ਹੀ ਇਸ ਦਾ ਵਿਕਾਸ ਸੰਭਵ ਹੈ। ਉਨ੍ਹਾਂ ਕਿਹਾ ਕਿ ਕਨੇਡਾ ਵਿੱਚ ਪੰਜਾਬੀ ਦੀ ਸਥਿਤੀ ਬਹਤ ਵਧੀਆ ਹੈ। ਜਿਥੋਂ ਤੱਕ ਇਸ ਦੀ ਉੱਨਤੀ ਦਾ ਪੈਮਾਨਾ ਮਿੱਥਣ ਦਾ ਸੁਆਲ ਹੈ ਇਹ ਸੰਭਵ ਨਹੀਂ ਜਾਪਦਾ। ਇਕੱਠੇ ਹੋ ਕੇ ਚਲਣ ਦੀ ਬਜਾਏ ਬਹੁਤੇ ਢਾਈ ਢੋਟਰੂ ਬਣ ਆਪਣੀ ਖਿੱਚੜੀ ਵੱਖ ਵੱਖ ਪਕਾਉਣ ਨੂੰ ਤਰਜ਼ੀਹ ਦੇਂਦੇ ਹਨ। ਉਨ੍ਹਾਂ ਆਪਣੀ ਨਿਊਜ਼ੀਲੈਂਡ ਦੀ ਯਾਤਰਾ ਦਾ ਅਤੇ ਉੱਥੇ ਮਿਲੇ ਆਦਰ ਸਤਿਕਾਰ ਦਾ ਜ਼ਿਕਰ ਵੀ ਕੀਤਾ ਅਤੇ ਦੱਸਿਆ ਕਿ ਉਥੋਂ ਦੀਆਂ ਸਰਕਾਰੀ ਨੀਤੀਆਂ ਕਾਰਨ ਉੱਥੇ ਨੌਜੁਆਨਾਂ ਦੀ ਗਿਣਤੀ ਵੱਧ ਹੈ ਅਤੇ ਉਨ੍ਹਾਂ ਨਾਲ ਰਹਿੰਦੇ ਬਜ਼ੁਰਗਾਂ ਦੀ ਗਿਣਤੀ ਬਹੁਤ ਘੱਟ ਹੈ। ਸੋ ਨੌਜੁਆਨ ਬਜ਼ੁਰਗਾਂ ਦੇ ਪਿਆਰ ਨੂੰ ਵਰਾਗੇ ਮਹਿਸੂਸ ਹੁੰਦੇ ਹਨ।ਜਸਵਿੰਦਰ ਸਿੰਘ ਰੁਪਾਲ ਜੀ ਨੇ ਕਿਹਾ ਕਿ ਬੋਲੀ ਦੇ ਚਾਰ ਪੱਖ ਹੁੰਦੇ ਹਨ-ਬੋਲਣਾ, ਸੁਣਨਾ, ਪੜ੍ਹਨਾ ਤੇ ਲਿਖਣਾ।ਗੁਰਦੀਸ਼ ਗਰੇਵਾਲ ਨੇ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਲਈ ਸਖ਼ਤ ਮਿਹਨਤ ਕਰਨ ਦੀ ਗੱਲ ਕੀਤੀ।

ਵਾਈਸ ਪ੍ਰਧਾਨ ਸੁਰਿੰਦਰ ਢਿਲੋਂ ਜੀ ਨੇ ਕਿਹਾ ਕਿ ਪੰਜਾਬੀ ਨੂੰ ਬੋਲੀ ਜਾਣ ਵਾਲੀ ਭਾਸ਼ਾ ਵਜੋਂ ਵੀ ਕਾਇਮ ਰੱਖ ਲਈਏ ਤਾਂ ਬਹੁਤ ਹੈ।ਡਾ: ਸੁਖਵਿੰਦਰ ਸਿੰਘ ਥਿੰਦ ਨੇ ਘਰਾਂ ਵਿੱਚ ਆਪਣੀ ਅਗਲੀ ਪੀੜ੍ਹੀ ਨਾਲ ਪੰਜਾਬੀ ਬੋਲਣ ਦੀ ਲੋੜ ਦੀ ਗੱਲ ਕੀਤੀ। ਜ਼ੀਰ ਸਿੰਘ ਬਰਾੜ ਜੀ ਨੇ ਸਭ ਦੇ ਵਿਚਾਰਾਂ ਨਾਲ ਆਪਣੀ ਸਾਂਝ ਪ੍ਰਗਟਾਉਂਦਿਆਂ ਇਨ੍ਹਾਂ ਦਾ ਸਮਰਥਨ ਕੀਤਾ।ਅਮਨਪ੍ਰੀਤ ਸਿੰਘ,ਪਰਮਜੀਤ ਕੌਰ, ਪ੍ਰੀਤ ਸਾਗਰ ਸਿੰਘ,ਸੁਖਵਿੰਦਰ ਤੂਰ,ਸਰਬਜੀਤ ਉੱਪਲ ਗੁਰਨਾਮ ਕੌਰ ਆਪਣੇ ਵਿਚਾਰ ਬਹੁਤ ਵਿਸਥਾਰ ਨਾਲ ਸਾਂਝੇ ਕੀਤੇ । ਪ੍ਰਧਾਨ ਜਸਵੀਰ ਸਿੰਘ ਸਿਹੋਤਾ ਜੀ ਨੇ ਅੱਜ ਦੀ ਵਿਚਾਰ ਚਰਚਾ ਵਿੱਚ ਭਾਗ ਲੈਣ ਲਈ ਸਭ ਦਾ ਧੰਨਵਾਦ ਕੀਤਾ।ਅੰਤ ਵਿੱਚ ਸਕੱਤਰ ਗੁਰਚਰਨ ਕੌਰ ਥਿੰਦ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ









## ਲਿਬਰਲ ਪਾਰਟੀ ਓਨਟਾਰੀਓ ਦੀ ਨਵੀਂ ਲੀਡਰ ਬੌਨੀ ਕ੍ਰੌਂਬੀ ਚੁਣੀ ਗਈ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਸਾਬਕਾ ਐਮ ਪੀ ਅਤੇ ਤਿੰਨ ਵਾਰੀ ਮਿਸੀਸਾਗਾ ਦੀ ਮੇਅਰ ਰਹਿ ਚੁੱਕੀ ਬੌਨੀ ਕ੍ਰੌਂਬੀ ਨੂੰ ?ਨਟਾਰੀ? ਦੇ ਲਿਬਰਲਾਂ ਨੇ ਆਪਣਾ ਨਵਾਂ ਆਗੂ ਚੁਣ ਲਿਆ ਹੈ। ਕ੍ਰੌਂਬੀ ਦਾ ਕਹਿਣਾ ਹੈ ਕਿ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿਚ ਉਹ ਪ੍ਰੀਮੀਅਰ ਡੱਗ ਫੋਰਡ ਨਾਲ ਸਿੱਧੀ ਟੱਕਰ ਲਵੇਗੀ।



ਦੋ ਵਾਰੀ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਹਾਰਨ ਤੋਂ ਬਾਅਦ ਲਿਬਰਲਾਂ ਵੱਲੋਂ ਕ੍ਰੌਂਬੀ ਦੇ ਹੱਥ ਹੁਣ ਪਾਰਟੀ ਦੀ ਵਾਗਡੋਰ ਸੌਂਪੀ ਗਈ ਹੈ। ਕ੍ਰੌਂਬੀ ਦਾ ਕਹਿਣਾ ਹੈ ਕਿ 2026 ਦੀ ਕੈਂਪੇਨ ਤੇ ਹੁਣ ਦਰਮਿਆਨ ਕਾਫੀ ਕੰਮ ਕਰਨ ਵਾਲਾ ਹੈ ਤੇ ਇਸ ਲਈ ਸਖ਼ਤ ਮਿਹਨਤ ਦੀ ਲੋੜ ਹੋਵੇਗੀ। ਕ੍ਰੌਂਬੀ ਨੇ ਆਖਿਆ ਕਿ ਸਾਡਾ ਸਿੱਧਾ ਮੁਕਾਬਲਾ ਫੋਰਡ ਤੇ ਉਨ੍ਹਾਂ ਦੇ ਕੰਜ਼ਰਵੇਟਿਵਾਂ ਨਾਲ ਰਹੇਗਾ ਤੇ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਅਸੀਂ ਫੋਰਡ ਸਰਕਾਰ ਨੂੰ ਸੂਬੇ ਵਿੱਚੋਂ ਬਾਹਰ ਦਾ ਰਸਤਾ ਦਿਖਾਕੇ ਹੀ ਦਮ ਲਵਾਂਗੇ।

ਕ੍ਰੌਂਬੀ ਨੇ ਲਿਬਰਲ ਐਮਪੀ ਸਮਿੱਥ, ਲਿਬਰਲ ਐਮਪੀ ਤੇ ਸਾਬਕਾ ਪ੍ਰੋਵਿੰਸ਼ੀਅਲ ਕੈਬਨਿਟ ਮੰਤਰੀ ਯਾਸਿਰ ਨਕਵੀ ਤੇ ਸਾਬਕਾ ਲਿਬਰਲ ਐਮਪੀ ਤੇ ਮੌਜੂਦਾ ਪ੍ਰੋਵਿੰਸ਼ੀਅਲ ਕਾਕਸ ਮੈਂਬਰ ਟੈਡ ਹਸੂ ਨੂੰ ਮਾਤ ਦਿੱਤੀ। ਸਰਵੇਖਣਾਂ ਤੋਂ ਸਾਹਮਣੇ ਆਇਆ ਸੀ ਕਿ ਹੋਰਨਾਂ ਲਿਬਰਲ ਲੀਡਰਸ਼ਿਪ ਉਮੀਦਵਾਰਾਂ ਨਾਲੋਂ ਜੇ ਕ੍ਰੌਂਬੀ ਹੱਥ ਪਾਰਟੀ ਦੀ ਵਾਗਡੋਰ ਦਿੱਤੀ ਜਾਵੇ ਤਾਂ ਅਗਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਕੰਜ਼ਰਵੇਟਿਵਾਂ ਖਿਲਾਫ ਚੰਗੀ ਕਾਰਗੁਜ਼ਾਰੀ ਵਿਖਾ ਸਕਦੀ ਹੈ। ਉਧਰ ਟੋਰੀਜ਼ ਵੱਲੋਂ ਕ੍ਰੌਂਬੀ ਨੂੰ ਅਮੀਰਾਂ ਦੀ ਗੱਲ ਸੁਣਨ ਵਾਲੀ ਆਗੂ ਦੱਸਿਆ ਜਾ ਰਿਹਾ ਹੈ ਜਿਹੜੀ ਟੈਕਸਾਂ ਵਿੱਚ ਵਾਧਾ ਕਰੇਗੀ ਜਦਕਿ ਐਨਡੀਪੀ ਦਾ ਕਹਿਣਾ ਹੈ ਕਿ ਫੋਰਡ ਤੇ ਕ੍ਰੌਂਬੀ ਦਰਮਿਆਨ ਕੋਈ ਫਰਕ ਨਹੀਂ ਹੈ। ਇਸ ਉੱਤੇ ਕ੍ਰੌਂਬੀ ਨੇ ਆਖਿਆ ਕਿ ਇੰਜ ਲੱਗਦਾ ਹੈ ਕਿ ਉਸ ਦੇ ਲੀਡਰ ਚੁਣੇ ਜਾਣ ਤੋਂ ਦੋਵੇਂ ਵਿਰੋਧੀ ਧਿਰਾਂ ਡਰ ਗਈਆਂ ਹਨ




# ਸਿੱਖ ਵੈਲਿਯੂਸ ਲਰਨਿੰਗ ਨਵੀਂ ਪੀੜ੍ਹੀ ਲਈ ਕੀਮਤੀ ਉਪਰਾਲਾ ਕਰ ਰਹੀ ਹੈ - ਪਰਮੀਤ ਸਿੰਘ ਬੋਪਾਰਾਇ ਐਮਐਲ ਏ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵਿੱਚ ਮਾਤਾ ਤ੍ਰਿਪਤਾ ਜੀ ਅਤੇ ਮਾਤਾ ਖੀਵੀ ਜੀ ਦੀ ਯਾਦ ਵਿੱਚ ਦੋ ਵੱਖ ਵੱਖ ਸਮਾਗਮ ਕੀਤੇ ਗਏ। ਕੈਲਗਰੀ ਦੇ ਗੁਰਸਿੱਖ ਐਮ ਐਲ ਏ ਪਰਮੀਤ ਸਿੰਘ ਨੇ ਮਾਤਾ ਖੀਵੀ ਜੀ ਦੇ ਦਿਹਾੜੇ ਸੰਬੰਧੀ ਕਰਵਾਏ ਗਏ ਸਮਾਗਮ ਦੌਰਾਨ ਹਾਜ਼ਰੀ ਭਰਦਿਆਂ ਕਿਹਾ ਕਿ ਸਿੱਖ ਵੈਲਿਯੂਸ ਲਰਨਿੰਗ ਸੈਂਟਰ ਵੱਲੋਂ ਜੋ ਕੈਲਗਰੀ ਵਿੱਚ ਸਿੱਖ ਕੌਮ ਦੀ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਸੰਵਾਰਨ ਲਈ ਸਲਾਘਾਯੋਗ ਅਤੇ ਬਹੁਤ ਹੀ ਕੀਮਤੀ ਉਪਰਾਲਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੈਂ ਜਿੰਨਾ ਹੋ ਸਕਿਆ ਲਰਨਿੰਗ ਸੈਂਟਰ ਲਈ ਮੱਦਦ ਕਰਦਾ ਰਹਾਂਗਾ। ਮਾਤਾ ਤ੍ਰਿਪਤਾ ਜੀ ਦੀ ਯਾਦ ਵਿੱਚ ਕਰਵਾਏ ਗਏ ਸਮਾਗਮ ਵਿੱਚ ਕੈਲਗਰੀ ਨੌਰਥ ਈਸਟ ਦੇ ਐਮ ਐਲ ਏ ਗੁਰਿੰਦਰ ਸਿੰਘ ਬਰਾੜ ਨੇ ਵੀ ਹਾਜ਼ਰੀ ਭਰੀ। ਉਹ ਵੀ ਬੱਚਿਆਂ ਵੱਲੋਂ ਪੇਸ਼ ਕੀਤੀ ਗਈ ਪ੍ਰਫੌਰਮੈਂਸ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਕਿਹਾ ਕਿ ਮੈਂ ਸਮੇਂ ਸਮੇਂ ਲਰਨਿੰਗ ਸੈਂਟਰ ਨੂੰ ਬਣਦਾ ਸਹਿਯੋਗ ਦਿੰਦਾ ਰਹਾਂਗਾ।ਹਰੇਕ ਮਹੀਨੇ ਗੁਰੂ ਸਾਹਿਬ ਜੀ ਦੇ ਪਰਿਵਾਰਾਂ ਦੀਆਂ ਪ੍ਰਸਿੱਧ ਸਿੱਖ ਬੀਬੀਆਂ ਦੇ ਦਿਹਾੜੇ ਮਨਾਉਣ ਲਈ ਕੀਤੀ ਸ਼ੁਰੂਆਤ ਵਿਦਿਆਰਥੀ ਬਹੁਤ ਹੀ ਉਤਸ਼ਾਹ ਨਾਲ ਸਲਾਈਡ ਸ਼ੋਅ ਪੇਸ਼ ਕਰਦੇ ਹਨ। ਇਸ ਸੈਂਟਰ ਵਿੱਚ ਗਿਆਨੀ ਰਾਮ ਸਿੰਘ ਚਹਿਲਾਂ ਵੱਲੋਂ ਤਿਆਰ ਕੀਤੇ ਸਿਲੇਬਸ ਦੀਆਂ ਪੁਸਤਕਾਂ ਰਾਹੀਂ ਬੱਚਿਆਂ ਅੰਦਰ ਪਰਿਵਾਰਕ ਗੁਣ ਅਤੇ ਗੁਰੂ ਵਿਰਸੇ ਦਾ ਪਿਆਰ ਭਰਿਆ ਜਾਂਦਾ ਹੈ। ਵੱਲ਼ ਵੱਖ ਤਰਾਂ ਦੇ ਬਹੁਤ ਹੀ ਦਿਲਚਸਪ ਗੁਰਮਤਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖ ਵੈਲਿਯੂਸ ਲਰਨਿੰਗ ਸੈਂਟਰ ਦੇ ਇੰਚਾਰਜ ਨੇ ਦੱਸਿਆ ਕਿ ਰੱਬ ਦੀ ਬਖਸ਼ਿਸ਼ ਸਦਕਾ ਲਰਨਿੰਗ ਸੈਂਟਰ ਦਿਨ ਬ ਦਿਨ ਤਰੱਕੀਆਂ ਵੱਲ ਵੱਧ ਰਿਹਾ ਹੈ ਜਿਸ ਦਾ ਸਦਕਾ ਅਸੀਂ ਪਿਛਲੇ ਹਫਤੇ ਬੀਬੀ ਪੰਜਾਬ ਕੌਰ ਨੂੰ ਦਸਤਾਰ ਅਤੇ ਗੱਤਕੇ ਦੀ ਟਰੇਨਿੰਗ ਵਾਸਤੇ ਵਾਸਤੇ ਟੀਚਰ ਨਿਯੁਕਤ ਕੀਤਾ ਗਿਆ ਹੈ। ਛੋਟੇ ਛੋਟੇ (ਨੰਨੇ) ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਵਿਦਿਆਰਥੀਆਂ ਵਿੱਚੋਂ ਜੈਸਲੀਨ ਕੌਰ ਅਤੇ ਨਵਨੂਰ ਕੌਰ ਨੂੰ ਮਿੰਨੀ ਪੰਜਾਬੀ ਟੀਚਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੀਬੀ ਗੁਰਸਿਮਰਨ ਕੌਰ ਨੂੰ ਪ੍ਰਿੰਸੀਪਲ ਅਤੇ ਬੀਬੀ ਗੁਰਜਪੁਜੀ ਕੌਰ ਨੂੰ ਵਾਈਸ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ ਹੈ। ਕੈਲਗਰੀ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਨਾਲ ਅਤੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਨਿਰੰਤਰ ਰਾਬਤਾ ਪੈਦਾ ਕਰਨ ਲਈ ਅਜੈਬ ਸਿੰਘ ਭੰਗੂ ਨੂੰ ਮੈਨੇਜਰ ਨਿਯੁਕਤ ਕੀਤਾ ਗਿਆ ਹੈ।

ਆਖੀਰ ਤੇ ਉਹਨਾਂ ਨੇ ਦੱਸਿਆ ਕਿ ਜਦੋਂ ਤੋਂ ਲਰਨਿੰਗ ਸੈਂਟਰ ਦੀ ਨਵੀਂ ਲੋਕੇਸ਼ਨ 76 ਵੈਸਵਿੰਡਸ ਕਰੈਸੈਂਟ ਨੌਰਥ ਈਸਟ ਵਿਖੇ ਸ਼ੁਰੂ ਕੀਤੀ ਹੈ ਤੁਦੋਂ ਤੋਂ ਸਿੱਖ ਪਰਿਵਾਰਾਂ ਵਿੱਚ ਆਪਣੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਬਹੁਤ ਉਤਸ਼ਾਹ ਪੈਦਾ ਹੋਇਆ ਹੈ ਸਾਡੇ ਕੋਲ ਬੱਚਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਸੰਗਤਾਂ ਦੇ ਉਤਸ਼ਾਹ ਨੂੰ ਦੇਖਦਿਆਂ ਅਸੀਂ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਦੇ ਵੱਖ ਵੱਖ ਕੰਪੀਟੀਸ਼ਨ ਕਰਵਾਉਣ ਅਤੇ ਉਹਨਾਂ ਦੀਆਂ ਆਊਟਡੋਰ ਗਤੀਵਿਧੀਆਂ ਵੀ ਸ਼ੁਰੂ ਕਰਨ ਜਾ ਰਹੇ ਹਾਂ।

# ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ਼ ਡਾਇਰੈਕਟਰ ਅਤੇ ਹੋਸਟ ਰਿਸ਼ੀ ਨਾਗਰ ਨੂੰ ਸਦਮਾ, ਮਾਤਾ ਜੀ ਅਕਾਲ ਚਲਾਣਾ ਕਰ ਗਏ।

## ਭੋਗ ਤੇ ਅੰਤਿਮ ਅਰਦਾਸ 9 ਦਸੰਬਰ ਨੂੰ ਪਿੰਡ ਸ਼ੰਕਰ (ਜਲੰਧਰ) ਵਿਖੇ ਹੋਵੇਗੀ



ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ) ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ਼ ਡਾਇਰੈਕਟਰ ਅਤੇ ਹੋਸਟ ਰਿਸ਼ੀ ਨਾਗਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਮਾਤਾ ਜੀ ਸ੍ਰੀਮਤੀ ਸੁਦਰਸ਼ਨ ਨਾਗਰ ਆਪਣੇ ਪਿੰਡ ਸ਼ੰਕਰ ਜਿਲ੍ਹਾ ਜਲੰਧਰ ਵਿਖੇ ਸਵਰਗ ਸਿਧਾਰ ਗਏ। ਮਾਤਾ ਜੀ ਦਾ ਅੰਤਿਮ ਸੰਸਕਾਰ 4 ਦਸੰਬਰ ਨੂੰ ਪਿੰਡ ਸ਼ੰਕਰ ਦੇ ਸ਼ਮਸ਼ਾਨ ਘਾਟ ਵਿਖੇ ਵੱਡੀ ਗਿਣਤੀ ਵਿੱਚ ਸਕੇ-ਸਬੰਧੀਆਂ ਤੇ ਭਾਈਚਾਰੇ ਦੀ ਮੌਜੂਦਗੀ ਵਿੱਚ ਕੀਤਾ ਗਿਆ। ਚਿਖਾ ਨੂੰ ਅਗਨੀ ਉਹਨਾਂ ਦੇ ਸਪੁੱਤਰ ਰਿਸ਼ੀ ਨਾਗਰ ਨੇ ਦਿਖਾਈ ਜੋ ਮਾਤਾ ਜੀ ਦੇਹਾਂਤ ਦੀ ਖਬਰ ਮਿਲਣ ਉਪਰੰਤ ਕੈਲਗਰੀ ਤੋਂ ਪਿੰਡ ਸ਼ੰਕਰ ਪੁੱਜ ਗਏ ਸਨ। ਰਿਸ਼ੀ ਨਾਗਰ ਜੀ ਹਾਲੇ ਕੁੱਝ ਦਿਨ ਪਹਿਲਾਂ ਹੀ ਆਪਣੇ ਮਾਤਾ ਜੀ ਨੂੰ ਮਿਲਕੇ ਪੰਜਾਬ ਤੋਂ ਵਾਪਿਸ ਕੈਲਗਰੀ ਆਏ ਸਨ ।ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ , ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਜਲੰਧਰ ਦੇ ਸਕੱਤਰ ਡਾ: ਮੰਗਤ ਰਾਏ,ਰਮਨਦੀਪ ਸਿੱਧੂ, ਅਰੁਨਦੀਪ ਸਮੇਤ ਜਲੰਧਰ ਤੋਂ ਪੱਤਰਕਾਰ ਭਾਈਚਾਰੇ ਦੇ ਮਨੂੰ ਪਾਲ ਸ਼ਰਮਾ, ਰਾਕੇਸ਼ ਸ਼ਾਂਤੀ ਦੂਤ, ਵਿਨੈ ਰਾਣਾ, ਡੀ ਏ ਵੀ ਕਾਲਜ ਨਕੋਦਰ ਦੇ ਪ੍ਰਿੰਸੀਪਲ ਡਾ:ਅਨੂਪ ਕੁਮਾਰ, ਆਰੀਆ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੇ ਸਾਬਕਾ ਪ੍ਰਿੰਸੀਪਲ ਹਾਕਮ ਸਿੰਘ ਅਰੋੜਾ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੁਰਿੰਦਰ ਕੁਮਾਰੀ ਕੋਛੜ,ਸਾਬਕਾ ਸਰਪੰਚ ਜਸਦੇਵ ਸਿੰਘ ਤੱਖ਼ਰ , ਕੈਨੇਡਾ ਤੋ ਮਾਸਟਰ ਭਜਨ ਸਿੰਘ ਅਤੇ ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ। ਪਰਿਵਾਰ ਤੋਂ ਮਿਲੀ ਜਾਣਕਾਰੀ ਮੁਤਾਬਿਕ ਮਾਤਾ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 9 ਦਸੰਬਰ 2023 ਦਿਨ ਸ਼ਨਿੱਚਰਵਾਰ ਨੂੰ 11 ਵਜੇ ਪਿੰਡ ਸ਼ੰਕਰ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਪੱਤੀ ਰਾਜੋਕੀ ਵਿਖੇ ਹੋਵੇਗਾ।


AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
GD COLLEGE CALGARY
Refer a student to our program and Get upto $500
Student Loan and Grant options are also available.
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



**ਮਰਿਆਦਾ ਦੀ ਉਲੰਘਣਾ ਆਖਿਰਕਾਰ ਨੁਕਸਾਨ ਵੱਲ ਧੱਕਦੀ ਹੈ।**
-ਫਰੈਂਕ ਹਰਬਰਟ

## ਨਤੀਜਿਆਂ ਦੇ ਸੰਕੇਤ ਕੀ ਕਹਿੰਦੇ ਨੇ ?

ਤਿੰਨ ਰਾਜਾਂ ਵਿੱਚ ਭਾਜਪਾ ਦੀ ਜਿੱਤ ਅਚਾਨਕ ਨਹੀਂ ਹੈ। ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਭਾਜਪਾ ਦੇ ਮਜ਼ਬੂਤ ਸੰਗਠਨ, ਬਿਹਤਰ ਚੋਣ ਪ੍ਰਬੰਧਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਰਿਸ਼ਮੇ ਨੇ ਪੰਜ ਰਾਜਾਂ ਦੀਆਂ ਚੋਣਾਂ 'ਚ ਕੰਮ ਕੀਤਾ। ਭਾਜਪਾ ਨੇ ਮੱਧ ਪ੍ਰਦੇਸ਼ ਵਿੱਚ ਸਥਾਪਤੀ ਵਿਰੋਧੀ ਲਹਿਰ ਨੂੰ ਹਰਾਇਆ। ਇਸ ਦੇ ਨਾਲ ਹੀ ਇਸ ਦੇ ਮੁੱਖ ਰਾਜ ਰਾਜਸਥਾਨ ਦੇ ਨਾਲ-ਨਾਲ ਛੱਤੀਸਗੜ੍ਹ ਵੀ ਕਾਂਗਰਸ ਤੋਂ ਖੋਹ ਲਿਆ ਗਿਆ। ਕਾਂਗਰਸ ਨੇ ਤੇਲੰਗਾਨਾ ਵਿੱਚ ਭਾਜਪਾ ਦੀ ਦੱਖਣ ਵਿੱਚ ਦਾਖ਼ਲ ਹੋਣ ਦੀ ਇੱਕ ਹੋਰ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਪਰ ਇਸ ਨਾਲ ਰਾਜਸਥਾਨ ਅਤੇ ਛੱਤੀਸਗੜ੍ਹ ਨੂੰ ਗੁਆਉਣ ਦਾ ਸੌਦਾ ਲਾਹੇਵੰਦ ਨਹੀਂ ਜਾਪਦਾ। ਇਹ ਨਤੀਜੇ ਯਕੀਨੀ ਤੌਰ 'ਤੇ 2024 ਦੀਆਂ ਚੋਣਾਂ ਵਿੱਚ ਕਾਂਗਰਸ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਤ ਕਰਨਗੇ। ਇਨ੍ਹਾਂ ਚੋਣਾਂ 'ਚ ਕਾਂਗਰਸ ਤੇਲੰਗਾਨਾ 'ਚ ਮਜ਼ਬੂਤ ਖੇਤਰੀ ਪਾਰਟੀ ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਨੂੰ ਹਰਾਉਣ 'ਚ ਸਫਲ ਰਹੀ ਪਰ ਕੁੱਲ ਮਿਲਾ ਕੇ ਭਾਜਪਾ ਦੇ ਮੁਕਾਬਲੇ ਕਮਜ਼ੋਰ ਸਾਬਤ ਹੋਈ। ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਸਥਾਪਤੀ ਵਿਰੋਧੀ ਨਾਰਾਜ਼ਗੀ ਦਾ ਫਾਇਦਾ ਉਠਾਉਣ ਤੋਂ ਦੂਰ ਰਹੀ ਤੇ ਭਾਜਪਾ ਨੇ ਇੱਥੇ ਤੂਫ਼ਾਨੀ ਜਿੱਤ ਹਾਸਲ ਕੀਤੀ। ਦਿੱਗਜ ਆਗੂਆਂ ਦੀ ਧੜੇਬੰਦੀ ਵਿੱਚ ਭਾਜਪਾ ਨੂੰ ਮੌਕਾ ਮਿਲ ਗਿਆ। ਰਾਜਸਥਾਨ ਵਿੱਚ ਭਾਰੀ ਇਸ਼ਤਿਹਾਰਬਾਜ਼ੀ, ਸਕੀਮਾਂ ਅਤੇ ਤੋਹਫ਼ਿਆਂ ਦੇ ਬਾਵਜੂਦ ਅਸ਼ੋਕ ਗਹਿਲੋਤ ਵੋਟਰਾਂ ਦਾ ਭਰੋਸਾ ਨਹੀਂ ਜਿੱਤ ਸਕੇ। ਸਿਰਫ਼ ਇਸ਼ਤਿਹਾਰਬਾਜ਼ੀ ਨਾਲ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਲੀਡਰਸ਼ਿਪ ਦੀ ਭਰੋਸੇਯੋਗਤਾ ਵੀ ਹੋਣੀ ਚਾਹੀਦੀ ਹੈ। ਗਹਿਲੋਤ ਉੱਥੇ ਸਚਿਨ ਪਾਇਲਟ ਨਾਲ ਤਕਰਾਰ ਦੇ ਪਾੜੇ ਨੂੰ ਪੂਰਾ ਨਹੀਂ ਕਰ ਸਕੇ। ਉਸ ਟਕਰਾਓ ਨੇ ਵੋਟਰਾਂ ਦੇ ਨਾਲ-ਨਾਲ ਚੋਣ ਮੈਦਾਨ 'ਚ ਉਤਰੇ ਵਰਕਰਾਂ ਨੂੰ ਜੋ ਵੀ ਸੰਦੇਸ਼ ਦਿੱਤਾ ਸੀ, ਉਹ ਨਤੀਜਿਆਂ 'ਚ ਸਾਫ਼ ਨਜ਼ਰ ਆ ਰਿਹਾ ਸੀ। ਰਾਜਸਥਾਨ ਦੇ ਉਲਟ ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਸਿੰਘ ਚੌਹਾਨ ਨੇ ਲਾਡਲੀ ਬਹਿਨਾ ਵਰਗੀਆਂ ਸਕੀਮਾਂ ਨਾਲ ਵੋਟਰਾਂ ਵਿੱਚ ਵਿਸ਼ਵਾਸ ਪੈਦਾ ਕੀਤਾ। ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਆਪਣਾ ਚਿਹਰਾ ਨਹੀਂ ਬਣਾਇਆ, ਪਰ ਉਹ ਜਿੱਤ ਦਾ ਨਿਰਮਾਤਾ ਸਾਬਤ ਹੋਏ। ਜਿੱਤ ਤੋਂ ਬਾਅਦ ਚੌਹਾਨ ਨੇ ਇਸ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਨੂੰ ਦਿੱਤਾ। ਵੋਟ ਪ੍ਰਤੀਸ਼ਤ ਦੇ ਹਿਸਾਬ ਨਾਲ ਕਾਂਗਰਸ ਨੂੰ ਬਹੁਤਾ ਨੁਕਸਾਨ ਨਹੀਂ ਹੋਇਆ ਹੈ, ਪਰ –ਬੀਸੀ, ਆਦਿਵਾਸੀ ਅਤੇ ਕੁੱਝ ਹੋਰ ਵੋਟਾਂ ਆਖਰੀ ਪੜਾਅ 'ਚ ਭਾਜਪਾ ਵੱਲ ਮੁੜ ਗਈਆਂ ਅਤੇ ਸੀਟਾਂ ਦੇ ਪੱਧਰ 'ਤੇ ਗਣਿਤ ਬਦਲ ਗਿਆ। ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ - ਉੱਤਰੀ ਭਾਰਤ ਦੇ ਇਨ੍ਹਾਂ ਤਿੰਨਾਂ ਮਹੱਤਵਪੂਰਨ ਰਾਜਾਂ ਵਿੱਚ, ਕਾਂਗਰਸੀ ਆਗੂ ਆਪਣੀਆਂ ਉਲਝਣਾ ਵਿੱਚ ਫਸੇ ਰਹੇ ਅਤੇ ਭਾਜਪਾ ਨੇ ਉਨ੍ਹਾਂ ਦੇ ਨੱਕ ਹੇਠਾਂ ਹੀ ਫੇਰਬਦਲ ਕੀਤਾ। ਕਾਂਗਰਸ ਦੀ ਹਾਰ ਦੇ ਸਬਕ ਦਿਖਾਈ ਦੇ ਰਹੇ ਹਨ। ਇਨ੍ਹਾਂ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਜਾਤੀ ਜਨਗਣਨਾ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਸੀ। ਓਬੀਸੀ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਦੇ ਰਾਜ ਛੱਤੀਸਗੜ੍ਹ ਵਿੱਚ ਵੀ ਇਹ ਪੈਂਤੜਾ ਕੰਮ ਨਹੀਂ ਆਇਆ। ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਵੀ ਇਸ ਮੁੱਦਾ ਚਲਿਆ ਨਹੀਂ। ਰਾਹੁਲ ਗਾਂਧੀ ਨੇ 'ਜਿੰਨੀ ਆਬਾਦੀ, –ਨੀ ਹੀ ਹੱਕ' ਦਾ ਨਾਅਰਾ ਦਿੱਤਾ ਅਤੇ ਕਾਂਗਰਸ ਪਾਰਟੀ ਨੇ ਜਾਤੀ ਸਰਵੇਖਣ ਕਰਵਾਉਣ ਦੀ ਗਰੰਟੀ ਦਿੱਤੀ। ਉੱਤਰ ਭਾਰਤ ਵਿੱਚ ਜਾਤ-ਪਾਤ ਇੱਕ ਕੌੜਾ ਸੱਚ ਹੈ। ਰਾਜਨੀਤੀ ਵਿੱਚ ਜਾਤ-ਪਾਤ ਦੀ ਪਕੜ ਬਹੁਤ ਮਜ਼ਬੂਤ ਹੈ। ਪਰ ਚੋਣ ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਜਦੋਂ ਮੋਦੀ ਦਾ ਚਿਹਰਾ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹੈ ਤਾਂ ਜਨਤਾ ਜਾਤ-ਪਾਤ ਦੀ ਪ੍ਰਵਾਹ ਨਹੀਂ ਕਰਦੀ। ਇਨ੍ਹਾਂ ਚੋਣਾਂ ਦੇ ਆਧਾਰ 'ਤੇ ਕਾਂਗਰਸ ਇੰਡੀਆ ਗਠਜੋੜ 'ਚ ਵੀ ਆਪਣੀ ਮਹੱਤਵਪੂਰਨ ਮੌਜੂਦਗੀ ਕਾਇਮ ਕਰਨਾ ਚਾਹੁੰਦੀ ਸੀ। ਉਹ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਜੇਕਰ ਭਾਜਪਾ ਦਾ ਮੁਕਾਬਲਾ ਕਰਨਾ ਹੈ ਤਾਂ ਸਿਰਫ਼ ਕਾਂਗਰਸ ਹੀ ਕਰ ਸਕਦੀ ਹੈ ਅਤੇ ਕਾਂਗਰਸ ਦੀ ਮੱਦਦ ਨਾਲ ਹੀ 2024 ਵਿੱਚ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ। ਹੁਣ ਕਾਂਗਰਸ ਲਈ ਵੱਡੀ ਚੁਣੌਤੀ ਇੰਡੀਆ ਗਠਜੋੜ ਵਿੱਚ ਉਨ੍ਹਾਂ ਪਾਰਟੀਆਂ ਨੂੰ ਬਚਾਉਣ ਦੀ ਹੋਵੇਗੀ ਜਿਨ੍ਹਾਂ ਤੋਂ ਇਸ ਨੇ ਇਨ੍ਹਾਂ ਚੋਣਾਂ ਵਿੱਚ ਦੂਰੀ ਬਣਾ ਲਈ ਸੀ। ਮੱਧ ਪ੍ਰਦੇਸ਼ ਵਿੱਚ ਕਮਲਨਾਥ, ਛੱਤੀਸਗੜ੍ਹ ਵਿੱਚ ਭੁਪੇਸ਼ ਬਘੇਲ ਅਤੇ ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਦੀ ਲੀਡਰਸ਼ਿਪ ਇਹ ਪ੍ਰਭਾਵ ਨਹੀਂ ਛੱਡ ਸਕੀ ਸੀ ਕਿ ਇਨ੍ਹਾਂ ਰਾਜਾਂ ਵਿੱਚ ਕੋਈ ਰਾਸ਼ਟਰੀ ਪੱਧਰ ਦੀ ਪਾਰਟੀ ਚੋਣ ਲੜ ਰਹੀ ਹੋਵੇ। ਇਸ ਦੇ ਉਲਟ ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਿੰਨੋਂ ਰਾਜਾਂ ਵਿੱਚ ਆਪਣੇ ਚਿਹਰੇ ਵੱਜੋਂ ਪੇਸ਼ ਕੀਤਾ। ਇਹ ਇੱਕ ਵੱਡਾ ਜੂਆ ਸੀ, ਜਿਸ ਨੇ ਕੰਮ ਕੀਤਾ।

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਜ਼ਿੰਦਗੀ ਦੀ ਜੰਗ ਲੜ ਰਹੇ ਸ਼ਰਨਾਰਥੀ ਅਤੇ ਪ੍ਰਵਾਸੀ



ਗੁਰਮੀਤ ਸਿੰਘ ਪਲਾਹੀ

ਦੁਨੀਆ ਭਰ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਘਰੋਂ ਬੇਘਰ ਹੋਣ ਕਾਰਨ ਸ਼ਰਨਾਰਥੀਆਂ ਨੂੰ ਅੰਤਾਂ ਦੇ ਦੁੱਖ ਝੱਲਣੇ ਪੈਂਦੇ ਹਨ। ਪ੍ਰਵਾਸੀਆਂ, ਸ਼ਰਨਾਰਥੀਆਂ ਦੀਆਂ ਭਾਰੀ ਗਿਣਤੀ ਵਿੱਚ ਹੋ ਰਹੀਆਂ ਮੌਤਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕੀਤਾ ਹੋਇਆ ਹੈ।

ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰਨ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀ ਵੱਡੀ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਵਿਸ਼ਵ ਪੱਧਰੀ ਜੰਗਾਂ, ਅੰਦਰੂਨੀ ਟਕਰਾਅ, ਸੋਕਾ, ਹੜ੍ਹ, ਅਸੁਰੱਖਿਆ ਗਰੀਬੀ ਜ਼ਬਰਨ ਘਰੋਂ ਬੇਘਰ ਕੀਤੇ ਜਾਣਾ ਸ਼ਰਨਾਰਥ ਅਤੇ ਪ੍ਰਵਾਸ ਦੀਆਂ ਜੜ੍ਹਾਂ ਹਨ। ਇਸ ਸਮੇਂ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਗੰਭੀਰ ਟਕਰਾ ਚੱਲ ਰਹੇ ਹਨ । ਵੱਡੀ ਗਿਣਤੀ ਵਿੱਚ ਮਾਸੂਮ, ਬੇਦੋਸ਼ੇ ਮਰ ਰਹੇ ਹਨ। ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

ਇੱਕ ਰਿਪੋਰਟ ਅਨੁਸਾਰ ਸਾਲ 2021 ਦੇ ਆਖਰੀ ਅੰਕੜਿਆਂ ਦੇ ਮੁਕਾਬਲੇ 2022 ਵਿੱਚ ਸ਼ਰਨਾਰਥੀਆਂ ਦੀ ਗਿਣਤੀ 1.9 ਕਰੋੜ ਤੋਂ ਜ਼ਿਆਦਾ ਹੋ ਗਈ। ਦੁਨੀਆ ਭਰ ਵਿੱਚ ਘਰੋਂ ਬੇਘਰ ਹੋਏ ਕੁੱਲ 10.84 ਕਰੋੜ ਲੋਕਾਂ ਵਿੱਚੋਂ 3.53 ਕਰੋੜ ਸ਼ਰਨਾਰਥੀ ਹਨ, ਜੋ ਜੀਵਨ ਸੁਰੱਖਿਆ ਲਈ ਅੰਤਰਰਾਸ਼ਟਰੀ ਸਰਹੱਦਾਂ ਪਾਰ ਕਰ ਗਏ। ਪਿਛਲੇ ਸਾਲ 2022 ਵਿੱਚ ਘਰੋਂ ਬੇਘਰ ਹੋਣ ਦਾ ਮੁੱਖ ਕਾਰਨ ਯੂਕਰੇਨ ਦੀ ਲੜਾਈ ਰਹੀ। ਹੁਣ ਫਲਸਤੀਨ ਅਤੇ ਇਜ਼ਰਾਇਲ ਕਾਰਨ ਹਜ਼ਾਰਾਂ ਲੋਕ ਤਬਾਹ ਹੋ ਰਹੇ ਹਨ, ਘਰ ਛੱਡ ਰਹੇ ਹਨ, ਪੀੜਤ ਹੋ ਰਹੇ ਹਨ ਅਤੇ ਵੱਡਾ ਦਰਦ ਹੰਢਾ ਰਹੇ ਹਨ। ਸਾਲ 2022 ਦੇ ਅਖੀਰ ਤੱਕ 1.6 ਕਰੋੜ ਯੂਕਰੇਨੀਆ ਨੂੰ ਆਪਣੇ ਘਰ ਛੱਡ ਕੇ ਹੋਰ ਥਾਵਾਂ ਤੇ ਪਨਾਹ ਲੈਣੀ ਪਈ, ਇਹਨਾਂ ਵਿੱਚ 59 ਲੱਖ ਆਪਣੇ ਦੇਸ਼ ਅੰਦਰ ਅਤੇ 57 ਲੱਖ ਗੁਆਂਢੀ ਦੇਸ਼ਾਂ ਵੱਲ ਤੁਰ ਗਏ।ਡੈਮੋਕਰੇਟਿਕ ਰੀਪਬਲਿਕ ਆਫ ਕਾਂਗੋ, ਇਥੋਪੀਆ ਅਤੇ ਮੀਆਂਮਾਰ ਵਿੱਚੋਂ 10 ਲੱਖ ਤੋਂ ਵੱਧ ਲੋਕ, ਦੇਸ਼ ਦੇ ਆਪਸੀ ਸੰਘਰਸ਼ਾਂ ਕਾਰਨ ਘਰੋਂ ਬੇਘਰ ਹੋਏ। ਸੁਡਾਨ ਦੇ 11 ਕਰੋੜ ਲੋਕਾਂ ਨੂੰ ਘਰ ਛੱਡਣੇ ਪਏ।

ਜੰਗ ਤੋਂ ਬਿਨ੍ਹਾਂ ਕੁਦਰਤੀ ਆਫਤਾਂ ਮਨੁੱਖ ਨੂੰ ਪਰੇਸ਼ਾਨ ਕਰਦੀਆਂ ਹਨ ਉਹਨਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ ਉਹਨਾਂ ਦੇ ਘਰ ਤਬਾਹ ਕਰਦੀਆਂ ਹਨ ਉਹਨਾਂ ਨੂੰ ਘਰ ਛੱਡਣ ਨੂੰ ਮਜਬੂਰ ਕਰਦੀਆਂ ਹਨ ਕੁਦਰਤੀ ਆਫਤਾਂ ਕਾਰਨ ਬੇਘਰ ਹੋਣ ਵਾਲਿਆਂ ਦੀ ਗਿਣਤੀ 3.26 ਕਰੋੜ ਰਹੀ ਅਤੇ ਸਾਲ ਦੇ ਅੰਤ ਤੱਕ ਪੱਕੇ ਤੌਰ 'ਤੇ ਲਗਭਗ 87 ਲੱਖ ਲੋਕਾਂ ਦੇ ਘਰ ਤਬਾਹ ਹੋ ਗਏ।

ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ 90 ਫੀਸਦੀ ਆਬਾਦੀ ਹੇਠਲੇ ਅਤੇ ਵਿਚਕਾਰਲੇ ਵਰਗ ਦੇ ਲੋਕਾਂ ਦੀ ਹੈ। ਇਹਨਾਂ ਲੋਕਾਂ ਦੀ ਬਾਂਹ ਵੀ ਗਰੀਬ ਦੇਸ਼ਾਂ ਨੇ ਹੀ ਫੜੀ। ਲਗਭਗ 76 ਫੀਸਦੀ ਸ਼ਰਨਾਰਥੀਆਂ ਨੇ ਇਹਨਾਂ ਦੇਸ਼ਾਂ ਵਿੱਚ ਹੀ ਸ਼ਰਨ ਲਈ। ਪਰ ਇਹਨਾਂ ਦੇਸ਼ਾਂ ਵਿੱਚ ਰਹਿ ਕੇ ਉਹਨਾਂ ਨੂੰ ਨਾ ਸਿਹਤ ਸਹੂਲਤਾਂ ਮਿਲੀਆਂ, ਨਾ ਹੀ ਉਹਨਾਂ ਦੀ ਸਿੱਖਿਆ ਦਾ ਕੋਈ ਪ੍ਰਬੰਧ ਹੋਇਆ, ਨਾ ਰੁਜ਼ਗਾਰ ਮਿਲਿਆ ਅਤੇ ਇਹ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਅਤਿ ਤਰਸਯੋਗ ਹਾਲਾਤਾਂ ਵਿੱਚ ਰਹਿਣ ਲਈ ਮਜ਼ਬੂਰ ਹੋ ਗਏ।

ਅਮੀਰ ਦੇਸ਼ਾਂ ਨੇ ਇਹਨਾਂ ਸ਼ਰਨਾਰਥੀਆਂ ਦੀ ਬਾਂਹ ਨਹੀਂ ਫੜੀ। ਇਥੇ ਕਿਸੇ ਨਾ ਕਿਸੇ ਕਾਰਨ ਪ੍ਰਵਾਸ ਹੰਢਾਉਣ ਲਈ ਸਰਹੱਦਾਂ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਮੌਤ ਦੇ ਮੂੰਹ ਵਿੱਚ ਜਾਣਾ ਪਿਆ। ਉਹ ਏਜੰਟਾਂ ਦੇ ਹੱਥੀ ਚੜ੍ਹੇ ਜਾਂ ਨਿੱਜੀ ਕੋਸ਼ਿਸ਼ਾਂ ਨਾਲ ਸਰਹੱਦਾਂ ਪਾਰ ਕਰਦੇ ਆਪਣੀ ਜਾਨ ਜੋਖ਼ਮ ਵਿੱਚ ਪਾਉਂਦੇ ਰਹੇ।

ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ (ਆਈ.ਓ.ਐਮ) ਦੇ ਇੱਕ ਅੰਦਾਜ਼ੇ ਮੁਤਾਬਕ ਸਾਲ 2014 ਤੋਂ ਬਾਅਦ ਅਮਰੀਕਾ ਤੇ ਯੂਰਪ ਸੰਘ ਦੇ ਦੇਸ਼ਾਂ ਵਿੱਚ ਪਹੁੰਚਣ ਦੇ ਚਾਹਵਾਨ 50 ਹਜ਼ਾਰ ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਜੰਗਲਾਂ, ਸਮੁੰਦਰਾਂ ਵਿੱਚ ਲਾਪਤਾ ਹੋ ਚੁੱਕੇ ਹਨ। ਅਮਰੀਕਾ ਮੈਕਸੀਕੋ ਸਰਹੱਦ ਤੇ ਮਨੁੱਖੀ ਤਸਕਰ ਸਰਹੱਦ ਪਾਰ ਕਰਾਉਂਦੇ ਹਨ ਅਤੇ ਇੰਜ ਕਰਦਿਆਂ ਕਰਾਉਂਦਿਆਂ 3000 ਤੋਂ ਵੱਧ ਸ਼ਰਨਾਰਥੀ ਜਾਂ ਪ੍ਰਵਾਸੀ ਮੈਕਸੀਕੋ ਸਰਹੱਦਾਂ ਤੇ ਜਾਂ ਮੈਕਸੀਕੋ ਦੇ ਜੰਗਲਾਂ ਵਿੱਚ ਮਾਰੇ ਜਾ ਚੁੱਕੇ ਹਨ।

ਭਾਰਤ ਵਿੱਚ ਘਰੋਂ ਬੇਘਰੇ ਹੋਣ ਦਾ ਮੁੱਖ ਕਾਰਨ ਵਿਕਾਸ ਦੀਆਂ ਪ੍ਰਯੋਜਨਾਵਾਂ ਹਨ। ਕੇਂਦਰ ਅਤੇ ਸੂਬਾ ਸਰਕਾਰ ਵੱਡੇ-ਵੱਡੇ ਹਾਈਵੇਅ, ਦਰਿਆ 'ਤੇ ਬੰਨ, ਬਿਜਲੀ ਪੈਦਾ ਕਰਨ ਲਈ ਡੈਮ ਆਦਿ ਉਸਾਰੀ 'ਤੇ ਜ਼ੋਰ ਦਿੰਦੀਆਂ ਹਨ। ਖਨਣ ਦੀਆਂ ਯੋਜਨਾਵਾਂ ਵੀ ਲੋਕਾਂ ਨੂੰ ਆਪਣੇ ਘਰ ਛੱਡਣ ਤੇ ਮਜ਼ਬੂਰ ਕਰਦੀਆਂ ਹਨ।

ਇਹਨਾ ਯੋਜਨਾਵਾਂ ਦੇ ਚਲਦਿਆਂ ਦੇਸ਼ ਭਰ ਦੇ ਕੁੱਲ ਪੇਂਡੂ ਖੇਤਰਾਂ ਦੇ 10 ਫੀਸਦੀ ਲੋਕ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਦੀਆਂ ਜ਼ਮੀਨਾਂ, ਘਰ ਇਹਨਾਂ ਪ੍ਰਯੋਜਨਾਵਾਂ ਦੀ ਭੇਂਟ ਚੜ੍ਹ ਰਹੀਆਂ ਹਨ। ਵੱਡੀ ਗਿਣਤੀ ਦੇਸ਼ ਦੇ ਜਨਜਾਤੀ ਕਬੀਲਿਆਂ ਨੂੰ ਆਪਣੇ ਮੂਲ ਥਾਵਾਂ ਤੋਂ ਪਲਾਇਨ ਕਰਨਾ ਪਿਆ ਹੈ। ਇਸ ਨਾਲ ਵਾਤਾਵਰਨ ਦਾ ਬੇਤਿਹਾਸ਼ਾ ਵਿਨਾਸ਼ ਹੋ ਰਿਹਾ ਹੈ। ਆਦਿਵਾਸੀਆਂ ਦਾ ਜੀਵਨ ਅਤੇ ਉਪਜੀਵਕਾ ਜੰਗਲ ਦੀ ਸੰਸਕ੍ਰਿਤੀ ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਜੰਗਲਾਂ, ਕਬੀਲਿਆਂ ਦੀ ਸੁਰੱਖਿਆ ਦਾ ਕਾਨੂੰਨ ÷ਓਪਨ ਨਿਵੇਸ਼ ਭੂਮੀ ਅਧਿਗ੍ਰਹਿਣ ਅਧਿਨਿਯਮ 1894÷ ਦਾ ਕਾਨੂੰਨ ਬਣਿਆ ਹੈ ਪਰ ਉਹ ਵੀ ਵਿਕਾਸ ਦੀ ਅੰਧਾਂ ਧੁੰਦ ਦੌੜ ਦੀ ਭੇਟ ਚੜ੍ਹ ਚੁੱਕਾ ਹੈ। ਦਲਿਤ, ਪਛੜੇ ਅਤੇ ਆਦਿ ਵਾਸੀਆਂ ਦੇ ਆਪਣੇ ਮੂਲ ਰਿਵਾਇਤੀ ਢਿੱਡ ਭਰਨ ਦੇ ਢੰਗ ਤਰੀਕੇ ਇਹਨਾਂ ਪ੍ਰਯੋਜਨਾਵਾਂ ਨੇ ਖ਼ਤਮ ਕਰ ਦਿੱਤੇ ਹਨ ਅਤੇ ਇਹਨਾਂ ਜਨਜਾਤੀ ਦੇ ਲੋਕਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਗਈ ਹੈ।

ਦੇਸ਼ ਭਾਰਤ ਵਿੱਚ ਕਈ ਥਾਵਾਂ ਉੱਤੇ ਆਪਸੀ ਸੰਗਰਸ਼ ਅਤੇ ਹਿੰਸਾ ਨਾਲ ਭਗਦੜ ਮੱਚੀ ਹੈ। ਸੂਬਾ ਮਨੀਪੁਰ ਇਸਦੀ ਉਦਾਹਰਨ ਹੈ। ਕੁਝ ਲੋਕ ਗਰੀਬੀ ਤੋਂ ਤੰਗ ਆ ਕੇ ਬਿਹਤਰ ਜ਼ਿੰਦਗੀ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਘਰ ਛੱਡਦੇ ਹਨ।

ਵੱਡੀ ਸਮੱਸਿਆ ਇਹ ਹੈ ਕਿ ਬੇਰੁਜ਼ਗਾਰੀ ਤੋਂ ਪੀੜਤ ਲੋਕ ਕੰਮ ਕਾਜ ਦੀ ਤਲਾਸ਼ 'ਚ ਦੂਜੇ ਸੂਬਿਆਂ ਵੱਲ ਪਲਾਇਨ ਕਰਦੇ ਹਨ। ਬਿਹਾਰ, ਯੂ.ਪੀ. ਆਦਿ ਰਾਜਾਂ ਦੇ ਪ੍ਰਵਾਸੀ ਪੰਜਾਬ, ਹਰਿਆਣਾ, ਦਿੱਲੀ, ਮਹਾਰਾਸ਼ਟਰ ਆਦਿ ਸੂਬਿਆਂ ਵੱਲ ਕੰਮ ਦੀ ਤਲਾਸ਼ 'ਚ ਜਾਂਦੇ ਹਨ ਅਤੇ ਉਥੋਂ ਦੇ ਵਸ਼ਿੰਦੇ ਬਣ ਰਹੇ ਹਨ।

ਇਸ ਨਾਲ ਉਥੋਂ ਦੇ ਸਮਾਜ ਉਤੇ ਸਮਾਜਿਕ, ਆਰਥਿਕ, ਰਾਜਨੀਤਕ ਪ੍ਰਭਾਵ ਪਿਆ ਹੈ। ਪੰਜਾਬ, ਹਰਿਆਣਾ, ਗੁਜਰਾਤ ਆਦਿ ਸੂਬਿਆਂ ਤੋਂ ਵੱਡੀ ਗਿਣਤੀ 'ਚ ਲੋਕ ਪ੍ਰਵਾਸ ਦੇ ਰਾਹ ਪਏ ਹਨ। ਜ਼ਮੀਨਾਂ, ਜਾਇਦਾਦਾਂ ਵੇਚਕੇ ਕੈਨੇਡਾ, ਅਮਰੀਕਾ, ਅਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ ਆਦਿ ਦੇਸ਼ਾਂ 'ਚ ਪੱਕੇ ਵਸ਼ਿੰਦੇ ਬਣ ਗਏ ਹਨ ਅਤੇ ਵੱਡੀ ਗਿਣਤੀ ਅਰਬ ਦੇਸ਼ਾਂ ਵੱਲ ਗਏ ਹਨ ਜਾਂ ਜਾ ਰਹੇ ਹਨ।

ਰੀਫੀਊਜੀ ਜਾਂ ਸ਼ਰਨਾਰਥੀ ਸ਼ਬਦ ਲਚਾਰੀ ਦਾ ਦੂਜਾ ਨਾਅ ਹੈ। ਸ਼ਰਨਾਰਥੀ ਰੱਖਿਆ ਚਾਹੁਣ ਵਾਲੇ ਸਮੂਹ ਗਿਣੇ ਜਾਂਦੇ ਹਨ, ਜਦੋਂ ਮਜ਼ਬੂਰੀ ਵੱਸ ਘਰ-ਬਾਰ ਤਿਆਗਣ ਲਈ ਮਜ਼ਬੂਰ ਹੁੰਦੇ ਹਨ ਜਾਂ ਕਰ ਦਿੱਤੇ ਜਾਂਦੇ ਹਨ। ਭਾਰਤ ਵਿੱਚ ਸ਼ਰਨਾਰਥੀਆਂ ਦਾ ਇਤਿਹਾਸ ਪੁਰਾਣਾ ਹੈ ਅਤੇ ਭਾਰਤ ਵਿੱਚ ਵਸੇ ਕਾਨੂੰਨੀ, ਗੈਰ-ਕਾਨੂੰਨੀ ਸ਼ਰਨਾਰਥੀਆਂ ਦੀ ਜਨਸੰਖਿਆ ਕਈ ਵਿਕਸਤ ਦੇਸ਼ਾਂ ਦੀ ਜਨਸੰਖਿਆ ਤੋਂ ਵੀ ਵੱਧ ਹੈ। ਭਾਰਤ ਦੀ ਵੰਡ ਵੇਲੇ ਪਾਕਿਸਤਾਨੋਂ ਲੱਖਾਂ ਦੀ ਗਿਣਤੀ 'ਚ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਇਹ ਇਸ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਜਿੱਥੇ ਹਿੰਸਾ ਦੌਰਾਨ, ਬੇਬਸ ਲੋਕ ਮਾਰੇ ਗਏ, ਜ਼ਖ਼ਮੀ ਹੋਏ, ਔਰਤਾਂ ਉਧਾਲੀਆਂ ਗਈਆਂ, ਲੋਕ ਆਪਣੇ ਰੁਜ਼ਗਾਰ, ਜ਼ਮੀਨਾਂ, ਘਰ ਗੁਆ ਬੈਠੇ।

ਇਹੋ ਹਾਲਾਤ ਭਾਰਤ ਤੋਂ ਪਰਵਾਸ ਹੰਢਾਉਣ ਵਾਲੇ ਲੋਕਾਂ ਦੇ ਹਨ। ਜਦੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਮਜਬੂਰ ਜਾਂ ਆਪਣੇ ਚੰਗੇ ਭਵਿੱਖ ਲਈ ਆਪਣੀ ਮਰਜ਼ੀ ਨਾਲ ਜਾ ਰਹੇ ਹਨ, ਪਰ ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਉਹਨਾਂ ਨੂੰ ਹਾਲਾਤਾਂ ਤੋਂ ਮਜਬੂਰ ਹੋ ਕੇ ਆਪਣਾ ਘਰ, ਆਪਣਾ ਦੇਸ਼, ਆਪਣੇ ਬੋਲੀ, ਆਪਣਾ ਸੱਭਿਆਚਾਰ ਤੱਕ ਤਿਆਗਣਾ ਪੈਂਦਾ ਹੈ। ਹਰ ਸਾਲ 25 ਲੱਖ ਭਾਰਤੀ ਆਪਣਾ ਦੇਸ਼ ਛੱਡ ਕੇ ਪ੍ਰਦੇਸ਼ਾਂ ਵਿੱਚ ਵਸ ਰਹੇ ਹਨ। ਇਹ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ।

ਅਸਲ ਵਿੱਚ ਸ਼ਰਨਾਰਥੀ ਅਤੇ ਪ੍ਰਵਾਸੀ ਜ਼ਿੰਦਗੀ ਦੀ ਜੰਗ ਲੜਦੇ ਹਨ। ਇਹ ਜੰਗ ਉਜਾੜੇ ਤੋਂ ਬਾਅਦ ਮੁੜ ਸਥਾਪਿਤ ਹੋਣ ਦੀ ਹੈ। ਇਸ ਜੰਗ ਵਿੱਚ ਵੱਡੀਆਂ ਔਕੜਾਂ, ਦੁਸ਼ਵਾਰੀਆਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਥਾਵਾਂ ਤੇ ਮਜਬੂਰਨ ਜਾਣਾ ਪੈਂਦਾ ਹੈ ਜਿੱਥੇ ਉਹਨਾਂ ਦਾ ਆਪਣਾ ਘਰ ਨਹੀਂ, ਆਪਣੀ ਬੋਲੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਜਿੱਥੇ ਉਹਨਾਂ ਲਈ ਕੁਝ ਵੀ ਪਰੋਸ ਕੇ ਨਹੀਂ ਰੱਖਿਆ ਹੁੰਦਾ, ਸਭ ਕੁਝ ਦੀ ਪ੍ਰਾਪਤੀ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਸਧਾਰਨ ਰੋਟੀ ਤੋਂ ਲੈ ਕੇ ਚੰਗੇ ਭਵਿੱਖ ਲਈ ਚੰਗੇ ਰੁਜ਼ਗਾਰ ਦੀ ਪ੍ਰਾਪਤੀ ਤੱਕ, ਇਸ ਸਮੇਂ ਦੌਰਾਨ ਉਸ ਦੇ ਸੁਪਨੇ ਨਿੱਤ ਟੁੱਟਦੇ ਹਨ। ਕਈ ਹਾਲਾਤਾਂ ਵਿੱਚ ਉਹ ਆਪਣੀ ਜ਼ਿੰਦਗੀ ਤੋਂ ਹੱਥ ਵੀ ਧੋ ਬੈਠਦੇ ਹਨ। ਇਸ ਤੋਂ ਵੱਡਾ ਮਨੁੱਖੀ ਜ਼ਿੰਦਗੀ ਦਾ ਹੋਰ ਕਿਹੜਾ ਦੁਖਾਂਤ ਹੋ ਸਕਦਾ ਹੈ ?

ਸ਼ਰਨਾਰਥ ਅਤੇ ਪ੍ਰਵਾਸ ਨੂੰ ਰੋਕਣ ਦੇ ਸਾਰੇ ਉਪਾਅ ਅੰਤਰਰਾਸ਼ਟਰੀ ਪੱਧਰ 'ਤੇ ਫੇਲ੍ਹ ਹੋ ਰਹੇ ਹਨ। ਨਾ ਜੰਗਾਂ ਰੁਕ ਰਹੀਆਂ, ਨਾ ਹਿੰਸਾ ਰੁੱਕ ਰਹੀ, ਨਾ ਜੰਗਲਾਂ ਦਾ ਉਜਾੜਾ ਰੁਕ ਰਿਹਾ ਅਤੇ ਨਾ ਹੀ ਅੰਨ੍ਹੇਵਾਹ ਹੁੰਦੀਆਂ ਬੇਲੋੜੀਆਂ ਵਿਕਾਸ ਯੋਜਨਾਵਾਂ ਨੂੰ ਨੱਥ ਪਾਈ ਜਾ ਰਹੀ ਹੈ।

ਬੇਰੁਜ਼ਗਾਰੀ ਦਾ ਦੈਂਤ ਸਾਂਭਿਆ ਹੀ ਨਹੀਂ ਜਾ ਰਿਹਾ ਹੈ। ਉਹ ਸਾਰੇ ਕਾਰਕ ਜਿਹੜੇ ਸ਼ਰਨਾਰਥ ਅਤੇ ਪ੍ਰਵਾਸ ਵਿੱਚ ਵਾਧਾ ਕਰ ਰਹੇ ਹਨ, ਉਹਨਾਂ ਨੂੰ ਰੋਕਣ ਲਈ ਨਾ ਯੂ.ਐਨ.ਓ. ਅਤੇ ਨਾ ਹੀ ਕੋਈ ਹੋਰ ਸੰਸਥਾਵਾਂ ਸਫਲ ਹੋ ਰਹੀਆਂ ਹਨ।

ਹਾਂ, ਆਪੋ-ਆਪਣੇ ਦੇਸ਼ਾਂ ਵਿੱਚ ਪ੍ਰਵਾਸ ਤੇ ਸ਼ਰਨਾਰਥੀਆਂ ਦੀ ਸੰਖਿਆ ਨੂੰ ਕਾਬੂ ਵਿੱਚ ਰੱਖਣ ਲਈ ਯਤਨ ਜ਼ਰੂਰ ਇਹ ਦੇਸ਼ ਯਤਨ ਕਰ ਰਹੇ ਹਨ। ਜਰਮਨ ਅਤੇ ਯੂਰਪ ਦੇਸ਼ਾਂ ਦੀਆਂ ਸਰਹੱਦਾਂ 'ਤੇ 2 ਲੱਖ ਤੋਂ ਵੱਧ ਸ਼ਰਨਾਰਥੀ ਪ੍ਰਵਾਸੀ ਬੈਠੇ ਹਨ, ਜੋ ਹਰ ਹੀਲਾ ਵਸੀਲਾ ਵਰਤ ਕੇ ਸਰਹੱਦਾਂ ਪਾਰ ਕਰਦੇ ਹਨ। ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਂਝੇ ਯਤਨ ਨਾਲ ਸੰਭਵ ਹੈ। ਅੰਤਰਰਾਸ਼ਟਰੀ ਸ਼ਰਨਾਰਥੀ ਕਾਨੂੰਨ, ਮਨੁੱਖ ਅਧਿਕਾਰ ਸੁਰੱਖਿਆ ਕਾਨੂੰਨ, ਸ਼ਰਨਾਰਥ ਤੇ ਪ੍ਰਵਾਸ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਾਰਗਰ ਹੋ ਸਕਦੇ ਹਨ।

### 30 ਨਵੰਬਰ : 7ਵੀਂ ਬਰਸ਼ੀ 'ਤੇ ਵਿਸ਼ੇਸ਼

# ਕਲੀਆਂ ਦੇ ਬਾਦਸ਼ਾਹ, ਕੁਲਦੀਪ ਮਾਣਕ ਨੂੰ ਚੇਤੇ ਕਰਦਿਆਂ



ਮੁਖਤਿਆਰ ਸਿੰਘ ਪੱਖੋ ਕਲਾਂ
86995 94800

ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਦੀ ਗਲੀਆਂ 'ਚ ਪਲਿਆ ਖੇਡਿਆ ਮੁਹੰਮਦ ਲਤੀਫ ਉਰਫ 'ਲੱਧਾ' ਵੱਡਾ ਹੋ ਕੇ 'ਕੁਲਦੀਪ ਮਾਣਕ' ਅਖਵਾਇਆ, ਜਿਸ ਨੇ ਆਪਣੀ ਬੁਲੰਦ ਗਾਇਕੀ ਦਾ ਸਿੱਕਾ ਸਾਰੀ ਦੁਨੀਆਂ ਵਿੱਚ ਮਨਵਾਇਆ। ਛਾਂਟਵੇਂ ਸਰੀਰ ਅਤੇ ਮਧਰੇ ਕੱਦ ਦੇ ਮਾਣਕ ਦਾ ਕਲਾ ਦੇ ਖੇਤਰ ਵਿੱਚ ਕੱਦ ਬਹੁਤ ਉੱਚਾ ਹੈ। ਘੰਟੀ ਵਾਂਗ ਖੜਕਦੀ ਅਵਾਜ਼.. ਜਦ ਕੰਨ 'ਤੇ ਹੱਥ ਧਰ ਕੇ ..ਮਾਇਕ ਤੋਂ ਪੰਜ ਫੁੱਟ ਪਿੱਛੇ ਹਟ ਕੇ.. ਦੂਹਰਾ ਹੋਕੇ, ਵਾਰ ਬਾਬਾ ਬੰਦਾ ਸਿੰਘ ਬਹਾਦਰ 'ਲੈ ਕੇ ਕਲਗੀਂ ਧਰ ਤੋਂ ਥਾਪੜਾ' ਦਾ ਅਲਾਪ ਛੇੜਦਾ ਤਾਂ ਸੱਤ ਅਸਮਾਨਾਂ ਨੂੰ ਚੀਰਦੀ ਅਵਾਜ਼, ਸਾਹਮਣੇ ਬੈਠਿਆਂ ਨੂੰ "ਵਾਹ ਬਈ ਮਾਣਕਾ! ਨਹੀਂ ਰੀਸਾਂ ਤੇਰੀਆਂ " ਕਹਿਣ ਲਈ ਮਜ਼ਬੂਰ ਕਰ ਦਿੰਦੀ। ਸੱਤਵੇਂ ਦਹਾਕੇ ਵਿੱਚ ਜਿਸ ਸਮੇਂ ਕੁਲਦੀਪ ਮਾਣਕ ਪੰਜਾਬੀ ਗਾਇਕੀ ਦੇ ਅੰਬਰ 'ਤੇ ਪਰਵਾਜ਼ ਭਰਨ ਲਈ ਆਪਣੇ ਪਰ ਤੋਲ ਰਿਹਾ ਸੀ , ਉਹ ਜ਼ਮਾਨਾ ਦੋ-ਗਾਣਾ ਗਾਇਕੀ ਦਾ ਸੀ, ਮਾਣਕ ਨੇ ਵੀ ਭਾਵੇਂ ਗਾਇਕੀ ਦੀ ਸ਼ੁਰੂਆਤ ਦੋ-ਗਾਣਾ ਗਾਇਕੀ ਨਾਲ ਹੀ ਕੀਤੀ ਪਰ ਉਸ ਦੀ ਵੱਖਰੀ ਪਹਿਚਾਣ ਕਲੀਆਂ ਅਤੇ ਲੋਕ ਗਥਾਵਾਂ ਗਾਉਣ ਕਰਕੇ ਹੀ ਹੈ। ਮਾਣਕ ਇੱਕ ਉਹ 'ਕੜੀ' ਸੀ ਜਿਸ ਨੇ ਪੁਰਾਤਨ ਲੋਕ ਗਾਇਕੀ ਨੂੰ ਨਵੇਂ ਢੰਗ ਨਾਲ ਪੇਸ਼ ਕਰਕੇ ਜਿੱਥੇ ਵਾਹ-ਵਾਹ ਖੱਟੀ ਉੱਥੇ ਭੁੱਲੀਆਂ ਵਿਸਰੀਆਂ ਲੋਕ ਗਥਾਵਾਂ ਨੂੰ ਨਿਵੇਕਲੇ ਅੰਦਾਜ਼ ਵਿੱਚ ਗਾ ਕੇ ਸਦਾ ਲਈ ਅਮਰ ਕਰ ਦਿੱਤਾ। ਤੂੰਬੇ, ਦੋਤਾਰੇ ਅਤੇ ਢੱਡ ਸਾਰੰਗੀ ਨਾਲ ਸੱਥਾਂ ਦੇ ਵਿੱਚ ਗਾਈਆਂ ਜਾਂਦੀਆਂ ਲੋਕ ਗਥਾਵਾਂ ਤੇ ਕਲੀਆਂ ਨੂੰ ਅਖਾੜਿਆਂ ਦੀਆਂ ਸਟੇਜਾਂ ਅਤੇ ਦੇਸ਼ ਦੀ ਨਾਮੀ ਕੰਪਨੀ ਐਚਐਮਵੀ ਦੇ ਰਿਕਾਰਡਾਂ ਤੱਕ ਪਹੁੰਚਾਉਣ ਦਾ ਸਿਹਰਾ ਕੁਲਦੀਪ ਮਾਣਕ ਨੂੰ ਹੀ ਜਾਂਦਾ ਹੈ। ਮਾਣਕ ਨੇ ਗਾਇਕੀ ਦੀ ਹਰ ਵਿਧਾ 'ਤੇ ਹੱਥ ਅਜ਼ਮਾਈ ਕੀਤੀ। ਕਲੀਆਂ, ਲੋਕ ਗਾਥਾਵਾਂ, ਲੋਕ ਤੱਥ, ਦੋ-ਗਾਣੇ, ਵਾਰਾਂ, ਓਪੇਰਾ, ਫ਼ਿਲਮੀ ਗੀਤਾਂ ਨੂੰ ਨਿਭਾਇਆ ਅਤੇ ਹਰ ਖੇਤਰ ਵਿੱਚ ਗੂੜ੍ਹੀ ਛਾਪ ਵੀ ਛੱਡੀ। ਮਾਣਕ ਨੇ ਜ਼ਿਆਦਾਤਰ ਲੋਕ ਗਾਥਾਵਾਂ ਗਾਈਆਂ, ਕਲੀਆਂ ਸਿਰਫ 13 ਹੀ ਗਾਈਆਂ ਪਰ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਆ ਹੀਰ ਦੀ' ਕਲੀ ਨੇ 'ਕਲੀਆਂ ਦੇ ਬਾਦਸ਼ਾਹ' ਦਾ ਖ਼ਿਤਾਬ ਸਦਾ ਲਈ ਉਸ ਦੇ ਨਾਂ ਕਰ ਦਿੱਤਾ । ਸਿਰਮੌਰ ਗਾਇਕ ਗੁਰਦਾਸ ਮਾਨ ਨੇ ਆਪਣੇ ਚਰਚਿਤ ਗੀਤ 'ਪਿੰਡ ਦੀ ਗਲੀਆਂ' ਵਿੱਚ 'ਮਾਣਕ ਹੱਦ ਮੁਕਾ ਗਿਆ ਨਵੀਆਂ ਕਲੀਆਂ ਦੀ' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜੋ ਮਾਣਕ ਲਈ ਥੋੜੇ ਲਫ਼ਜ਼ਾਂ ਵਿੱਚ ਵੱਡਾ ਸਨਮਾਨ ਹੈ।

ਕੁਲਦੀਪ ਮਾਣਕ ਦਾ ਜ਼ਨਮ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਵਿਖੇ ਨਿੱਕਾ ਖਾਨ ਦੇ ਘਰ ਮਾਤਾ ਬਚਨੋ ਦੀ ਕੁੱਖੋਂ 15 ਨਵੰਬਰ 1951 ਵਿੱਚ ਹੋਇਆ। ਮਾਣਕ ਦੋ ਭੈਣਾਂ ਅਤੇ ਇੱਕ ਭਰਾ ਤੋਂ ਛੋਟਾ ਸੀ ਦੋਵੇਂ ਵੱਡੀਆਂ ਭੈਣਾਂ ਸੰਤਾਲੀ ਦੀ ਵੰਡ ਵੇਲੇ ਸਦਾ ਲਈ ਵਿਛੜ ਗਈਆਂ ਸਨ । ਸੰਗੀਤ ਦੀ ਗੁੜ੍ਹਤੀ ਵਿਰਸਾਤ 'ਚ ਹੀ ਮਿਲੀ। ਮਾਣਕ ਦੇ ਪਰਿਵਾਰ ਵਿੱਚੋਂ ਪੁਰਖੇ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਦੇ ਦਰਬਾਰ ਵਿੱਚ ਹਜ਼ੂਰੀ ਰਾਗੀ ਸਨ। ਮਾਣਕ ਨੇ ਗਾਇਕੀ ਪ੍ਰਾਇਮਰੀ ਸਕੂਲ ਤੋਂ ਹੀ ਗਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਬਾਲ ਸਭਾਵਾਂ ਵਿੱਚ ਅਧਿਆਪਕ ਉਸ ਨੂੰ ਚਾਹ ਕੇ ਸੁਣਦੇ ਅਤੇ ਹੱਲਾਸ਼ੇਰੀ ਦਿੰਦੇ। ਹੌਲੀ-ਹੌਲੀ ਉਹ ਮੁਹੰਮਦ ਲਤੀਫ ਤੋਂ ਉਹ 'ਕੁਲਦੀਪ ਮਣਕਾ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਸੰਗੀਤ ਦੀਆਂ ਬਾਰਕੀਆਂ ਸਿੱਖਣ ਲਈ ਕਵਾਲ ਖ਼ੁਸ਼ੀ ਮੁਹੰਮਦ ਨੂੰ ਉਸਤਾਦ ਧਾਰਨ



ਕੀਤਾ। ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਇੱਕ ਵਾਰ ਸੇਟਜ 'ਤੇ ਗਾਉਦਿਆਂ ਸੁਣ ਕੇ ਬੇਹੱਦ ਪ੍ਰਭਾਵਿਤ ਹੋਏ ਅਤੇ ਉਸ ਨੂੰ 'ਮਾਣਕ' ਦਾ ਖ਼ਿਤਾਬ ਦਿੱਤਾ ਜੋ ਉਸ ਦੇ ਨਾਂ ਨਾਲ ਅੰਤ ਤੱਕ ਲਈ ਜੁੜਿਆ ਰਿਹਾ । ਕੁਲਦੀਪ ਮਾਣਕ ਦਾ ਵਿਆਹ ਸਰਬਜੀਤ ਕੌਰ ਨਾਲ 1975 ਵਿੱਚ ਹੋਇਆ ਅਤੇ ਘਰ ਇੱਕ ਪੁੱਤਰ ਯੁਧਵੀਰ ਮਾਣਕ ਤੇ ਧੀ ਸ਼ਕਤੀ ਮਾਣਕ ਨੇ ਜ਼ਨਮ ਲਿਆ।

ਕੁਲਦੀਪ ਮਾਣਕ ਨੇ ਭਾਵੇਂ ਹੋਰ ਵੀ ਕਈ ਦਰਜਨ ਚਰਚਿਤ ਗੀਤਕਾਰਾਂ ਦੇ ਗੀਤ ਗਏ, ਪਰ ਉਸ ਦੀ ਪੱਕੀ ਜੋੜੀ 'ਦੇਵ ਥਰੀਕਿਆਂ' ਵਾਲੇ ਨਾਲ ਬਣੀ, ਜਿਸ ਦੀਆਂ ਲਿਖੀਆਂ ਲੋਕ ਗਥਾਵਾਂ ਤੇ ਕਲੀਆਂ ਨੂੰ ਮਾਣਕ ਨੇ ਆਪਣੀ ਬੁਲੰਦ ਅਵਾਜ਼ 'ਚ ਗਾਇਆ ਤਾਂ ਚਾਰੇ ਪਾਸੇ ਮਾਣਕ ਦੀ ਚਰਚਾ ਹੋਈ। ਦੇਵ ਥਰੀਕਿਆਂ ਵਾਲੇ ਦੀ ਕਲਮ ਤੋਂ ਮਾਣਕ ਨੇ ਲੋਕ ਗਥਾਵਾਂ ਦਾ ਪਹਿਲਾ ਰਿਕਾਰਡ 1973 ਵਿੱਚ ਕਰਵਾਇਆ ਜਿਸ ਵਿੱਚ ਲੋਕ ਨਾਇਕ ਦੁੱਲਾ ਭੱਟੀ, ਜੈਮਲ ਫੱਤਾ ਅਤੇ ਪੂਰਨ ਭਗਤ ਦੇ ਕਿੱਸੇ ਨੂੰ ਛੋਹਿਆ ਜੋ ਲੋਕਾਂ ਨੇ ਬਹੁਤ ਪਸੰਦ ਕੀਤਾ। 1975 ਵਿੱਚ 'ਤੇਰੇ ਟਿੱਲੇ ਤੋਂ ਸੂਰਤ ਦੀਂਹਦੀ ਹੀਰ ਦੀ' ਕਲੀ ਰਿਕਾਰਡ ਹੋਈ ਤਾਂ ਮਾਣਕ ਦੀਆਂ ਚੁਫ਼ੇਰੇ ਧੁੰਮਾਂ ਪੈ ਗਈਆਂ। ਉਸ ਦੇ ਸਦਾ ਬਹਾਰ ਗੀਤਾਂ ਵਿੱਚ ਸ਼ੁਮਾਰ 'ਮਾਂ ਹੰਦੀ ਏ ਮਾਂ, ਓ ਦੁਨੀਓ ਵਾਲਿਓ', 'ਹੋਇਆ ਕੀ ਜੇ ਧੀ ਜੰਮ ਪਈ', 'ਮੇਰੇ ਯਾਰ ਨੂੰ ਮੰਦਾ ਨਾ ਬੋਲੀਂ', ਕਵਾਲੀ ਤਰਜ਼ 'ਚ ਗਾਇਆ 'ਇਹ ਦੁਨੀਆਂ ਧੋਖੇਬਾਜ਼ਾਂ ਦੀ', 'ਤੇਰੀ ਆਂ ਮੈ ਤੇਰੀ ਰਾਂਝਾ' ਅਤੇ ਪ੍ਰੀਤ ਮਹਿੰਦਰ ਤਿਵਾੜੀ ਦੀ ਕਲਮ ਤੋਂ 'ਨੀ ਮੈਂ ਚਾਦਰ ਕੱਢਦੀ ਨੀ' ਸਮੇਤ ਅਨੇਕਾਂ ਗੀਤ ਹਨ ਜੋ ਪੰਜਾਬੀ ਗਾਇਕੀ ਦੇ ਇਤਿਹਾਸ ਵਿੱਚ ਉਹ ਮੀਲ ਪੱਥਰ ਹਨ ਜਿਸ ਤੱਕ ਅੱਪੜਣਾ ਹੋਰ ਕਿਸੇ ਦੇ ਵੱਸ ਦਾ ਰੋਗ ਨਹੀਂ। ਕੁਲਦੀਪ ਮਾਣਕ ਨੂੰ ਅਨੇਕਾਂ ਵੱਡੇ ਛੋਟੇ ਸਨਮਾਨ ਮਿਲੇ ਪਰ ਉਹ ਖ਼ੁਦ ਸਭ ਤੋਂ ਵੱਡਾ ਸਨਮਾਨ ਸਰੋਤਿਆਂ ਤੋਂ ਮਿਲੇ ਪਿਆਰ ਨੂੰ ਦੱਸਦਾ ।ਇੱਕ ਵਾਰ ਇੱਕ ਥੀਏਟਰ ਵਿੱਚ ਮਾਣਕ ਨੂੰ ਸੁਣਨ ਲਈ ਅੰਦਰ ਨਾ ਜਾ ਸਕਣ ਵਾਲੀ ਬਾਹਰ ਜੁੜੀ ਭੀੜ ਵਿਚਕਾਰ ਸੜਕ 'ਤੇ ਹੀ ਅਖਾੜਾ ਲਗਾ ਦਿੱਤਾ ਜੋ ਉਸ ਦੀ ਕਹੀ ਗੱਲ ਦਾ ਪ੍ਰਤੱਖ ਪ੍ਰਮਾਣ ਸੀ।

ਜੇ ਧਾਰਮਿਕ ਗਾਇਕੀ ਦੀ ਗੱਲ ਕਰੀਏ ਤਾਂ ਮਾਣਕ ਨੇ ਚਾਲੀ ਦੇ ਕਰੀਬ ਧਾਰਮਿਕ ਤਵੇ ਅਤੇ ਕੈਸਿਟਾਂ ਰਿਕਾਰਡ ਕਰਵਾਏ ਜੋ ਵੀ ਆਪਣੇ ਆਪ ਵਿੱਚ ਹੀ ਇੱਕ ਰਿਕਾਰਡ ਹੈ। ਬਾਬਾ ਬੰਦਾ ਸਿੰਘ ਦੀ ਵਾਰ 'ਕਲਗੀਧਰ ਤੋਂ ਥਾਪੜਾ' ਤੋਂ ਲੈ ਕੇ ਸਿੰਘ ਸੂਰਮਾਂ ਸੀਸ ਤਲੀ ਤੇ ਤੋਲੀ ਜਾਂਦਾ ਏ', 'ਕਹਿੰਦੇ ਗੋਰਿਆਂ ਮੁਕੱਦਮਾਂ ਕਰਿਆ', 'ਆ ਜੋ ਜੀਹਨੇ ਨੱਚਣਾ ਖੰਡੇ ਦੀ ਧਾਰ ਤੇ', ਪ੍ਰਸੰਗ 'ਮੱਸਾ ਰੰਘੜ', 'ਝੰਡੇ ਖ਼ਾਲਸਾ ਰਾਜ ਦੇ' ਅਤੇ 'ਬਘੇਲ ਸਿੰਘ' ਸਮੇਤ ਹੋਰ ਵੀ ਸੈਕੜੇ ਚਰਚਿਤ ਗੀਤ ਗਾਏ ਜੋ ਚਾਰ ਦਹਾਕਿਆਂ ਤੋਂ ਗੁਰਦਵਾਰਿਆਂ ਦੇ ਸਪੀਕਰਾਂ 'ਚ ਅੱਜ ਵੀ ਸ਼ਾਨ ਨਾਲ ਗੂੰਜਦੇ ਹਨ। ਮਾਣਕ ਨੇ ਕੁੱਲ 200 ਦੇ ਕਰੀਬ ਤਵੇ, ਕੈਸਿਟਾਂ ਅਤੇ ਸੀਡੀਜ਼ ਰਿਕਾਰਡ ਕਰਵਾਈਆਂ ਜਿਸ ਨੇ ਸਮੇਂ -ਸਮੇਂ 'ਤੇ ਆਪਣੀ ਚਰਚਾ ਕਰਵਾਈ। ਗਾਇਕਾ ਗੁਲਸ਼ਨ ਕੋਮਲ, ਕੁਲਦੀਪ ਕੌਰ, ਅਮਰਜੋਤ, ਸਤਿੰਦਰ ਬੀਬਾ, ਸੁਰਿੰਦਰ ਸੀਮਾ ਨਾਲ 45 ਦੇ ਕਰੀਬ ਦੋ-ਗਾਣੇ ਵੀ ਰਿਕਾਰਡ ਕਰਵਾਏ ਜੋ ਸਰੋਤਿਆਂ ਵਿੱਚ ਖ਼ੂਬ ਪ੍ਰਵਾਨ ਚੜ੍ਹੇ। ਮਾਣਕ ਨੇ 9 ਫਿਲਮਾਂ ਵਿੱਚ ਪਿਠਵਰਤੀ ਗੀਤ ਵੀ ਗਾਏ। 'ਬਲਵੀਰੋ ਭਾਬੀ' ਫਿਲਮ ਨੂੰ ਸੰਗੀਤ ਦਿੱਤਾ ਅਤੇ ਅਦਾਕਾਰੀ ਵੀ ਕੀਤੀ।

ਜੇ ਕਲਾ ਪੱਖ ਤੋਂ ਪਾਸੇ ਹਟ ਕੇ ਮਾਣਕ ਦੀ ਸਖ਼ਸ਼ੀਅਤ ਵੱਲ ਨਜ਼ਰ ਮਾਰੀਏ ਤਾਂ ਉਹ ਬੇਪ੍ਰਵਾਹੀ ਤੇ ਸਾਫ਼ਗੋਈ ਲਈ ਜਾਣਿਆ ਜਾਂਦਾ ਸੀ। ਦਿਲ ਵਿੱਚ ਆਈ ਗੱਲ ਮੂੰਹ 'ਤੇ ਕਹਿ ਦੇਣੀ ਉਸ ਦੇ ਸੁਭਾਅ ਦਾ ਹਿੱਸਾ ਸੀ। ਲੋਕ ਤੱਥਾਂ ਦੀ ਸਚਾਈ ਪੇਸ਼ ਕਰਦਿਆਂ ਸਟੇਜ ਤੇ ਪੁੱਠਾ ਹੱਥ ਘੁਮਾ ਕੇ ," ਮੈਂ ਨੀ ਕਹਿੰਦਾ ! ਇਹ ਸਿਆਣੇ ਕਹਿੰਦੇ ਆ !! " ਮਾਣਕ ਦਾ ਤਕੀਆ ਕਲਾਮ ਸੀ । ਅਖਾੜੇ ਵਿੱਚ ਸਰੋਤਿਆਂ ਨੂੰ ਅਕਸਰ ਕਹਿ ਦੇਣਾ " ਜੇ ਗੀਤ ਪਸੰਦ ਐ .. ਤਾਂ ਤਾੜੀ ਮਾਰ ਦਿਓ ! ਜੇ ਨਹੀਂ ਪਸੰਦ ਤਾਂ ਬੇਸ਼ੱਕ ਰਹਿਣ ਦਿਓ "। ਜੋ ਮਾਣਕ ਦੇ ਇਸ ਸੁਭਾਅ ਬਾਰੇ ਜਾਣਦੇ ਸਨ ਉਹ ਉਸ ਗੱਲਾਂ ਨੂੰ ਸੁਭਾਵਿਕ ਲੈਂਦੇ ਸਨ ਪਰ ਕਈ ਵੱਡੇ ਲੋਕ ਕੁਝ ਗੱਲਾਂ ਨੂੰ ਲੈ ਕੇ ਮਾਣਕ ਦੀ ਅਲੋਚਨਾ ਵੀ ਕਰਦੇ ਦੇਖੇ ਗਏ।

ਮਾਣਕ ਨੇ ਜ਼ਿੰਦਗੀ ਵਿੱਚ ਕਈ ਰੰਗਾਂ ਨੂੰ ਹੰਢਾਇਆ। ਸ਼ੁਰੂਆਤੀ ਦੌਰ ਵਿੱਚ ਬਤੌਰ ਸਾਜ਼ਿੰਦਾ ਦਸ ਰੁਪੈ ਦਿਹਾੜੀ 'ਤੇ ਹਰਚਰਨ ਗਰੇਵਾਲ ਤੇ ਮੁਹੰਮਦ ਸਦੀਕ ਨਾਲ ਕੰਮ ਕੀਤਾ। ਜਦ ਸਫਲਤਾ ਨੇ ਪੈਰ ਚੁੰਮੇ ਤਾਂ ਰੱਜਵੀਂ ਦੌਲਤ ਤੇ ਸ਼ੋਹਰਤ ਵੀ ਮਿਲੀ। ਪਰ ਅਫਸੋਸ !ਮਾਣਕ ਦੀ ਜ਼ਿੰਦਗੀ ਦੇ ਅੰਤਲੇ ਵਰ੍ਹੇ ਬਹੁਤ ਦੁਖਦਾਈ ਸਨ। ਇਕਲੌਤਾ ਬੇਟਾ ਯੁਧਵੀਰ ਇੱਕ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਜੋ ਅੱਜ ਤੱਕ ਨਹੀਂ ਉੱਠ ਸਕਿਆ। ਮਹਿੰਗੇ ਇਲਾਜਾਂ ਸਹਾਰੇ ਚਲਦਾ ਖ਼ੁਦ ਮਾਣਕ ਦਾ ਸਰੀਰ ਇਹ ਸਦਮਾ ਨਾ ਸਹਾਰਦਿਆਂ ਮੰਜੇ 'ਤੇ ਪੈ ਗਿਆ। ਸਾਰੀ ਜ਼ਿੰਦਗੀ ਦੀ ਕਮਾਈ ਪੂੰਜੀ ਹਸਪਤਾਲਾਂ 'ਚ ਰੁੜ੍ਹ ਗਈ । ਅੰਤ ਬਿਮਾਰੀ ਨਾਲ ਘੁਲਦਿਆਂ 30 ਸਤੰਬਰ 2011 ਨੂੰ 'ਕਲੀਆਂ ਦਾ ਬਾਦਸ਼ਾਹ' ਇਸ ਜਹਾਨ ਤੋਂ ਸਦਾ ਲਈ ਰੁਖ਼ਸਤ ਹੋ ਗਿਆ ਪਰ ਮਾਣਕ ਦੀ ਕਲਾ ਦੀ ਕਮਾਈ ਪੂੰਜੀ ਅੱਜ ਵੀ ਜ਼ਿੰਦਾ ਹੈ ਜਿਸ ਨੂੰ ਉਸ ਦੇ ਚਾਹੁਣ ਵਾਲੇ ਹਿੱਕ ਨਾਲ ਲਾਈ ਬੈਠੇ ਹਨ। ਮਾਣਕ ਭਾਵੇਂ ਸਰੀਰਕ ਰੂਪ ਵਿੱਚ ਨਹੀਂ ਰਿਹਾ, ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਕਰੋੜਾਂ ਪੰਜਾਬੀ ਪ੍ਰਸ਼ੰਸ਼ਕਾਂ ਦੇ ਦਿਲਾਂ ਵਿੱਚ ਵਸਦਾ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਸ਼ਰਾਬ ਦਾ ਆਤੰਕਵਾਦ



ਮੋਹਨ ਸ਼ਰਮਾ
ਮੋ:94171-48866

ਪੰਜਾਬ ਦੇ ਮਰਹੂਮ ਵਿਦਵਾਨ ਲੇਖਕ ਜਸਵੰਤ ਸਿੰਘ ਕੰਵਲ ਨੇ ਪ੍ਰਾਂਤ ਦੀ ਦੁਖਦੀ ਰਗ ਤੇ ਹੱਥ ਧਰਦਿਆਂ ਲਿਖਿਆ ਸੀ, ਪੰਜਾਬ ਨੂੰ ਗੋਡਿਆਂ ਭਾਰ ਨੇਜ਼ਿਆਂ ਜਾਂ ਤਲਵਾਰਾਂ ਨੇ ਨਹੀਂ ਕੀਤਾ, ਸਗੋਂ ਢਾਈ ਤਿੰਨ ਇੰਚ ਦੀਆਂ ਸਰਿੰਜਾਂ ਅਤੇ ਸ਼ਰਾਬ ਦੀਆਂ ਬੋਤਲਾਂ ਨੇ ਕੀਤਾ ਹੈ। ਸਚਮੁੱਚ ਸ਼ਰਾਬ ਦੇ ਵਗਦੇ ਦਰਿਆ ਕਾਰਨ ਜਿੱਥੇ ਜਵਾਨੀ ਦਿਸ਼ਾਹੀਨ, ਮਨੋਰਥਹੀਨ ਅਤੇ ਮੰਤਵਹੀਨ ਹੋਈ ਹੈ, ਉਥੇ ਹੀ ਪ੍ਰਾਂਤ ਦੇ ਪਛੜੇਪਣ, ਵਿਕਾਸ ਦੀ ਖੜੋਤ ਅਤੇ ਸਿਰਜਨਾਤਮਕ ਸ਼ਕਤੀ ਦੀਆਂ ਪੁਲਾਂਘਾ ਨੂੰ ਜੂੜ ਪੈਣ ਕਾਰਨ ਘਰਾਂ ਦੀ ਬਰਕਤ ਗੁੰਮ ਹੋਣ ਦੇ ਨਾਲ ਨਾਲ ਠੰਡੇ ਚੁਲ੍ਹਿਆਂ ਤੇ ਘਾਹ ਉਗਿਆ ਹੋਇਆ ਹੈ। ਬਜ਼ੁਰਗ ਮਾਂ-ਬਾਪ, ਪਤਨੀਆਂ ਅਤੇ ਵਿਲਕਦੇ ਬੱਚੇ ਨਰਕ ਭਰਿਆ ਜੀਵਨ ਬਤੀਤ ਕਰ ਰਹੇ ਹਨ। ਇੱਥੇ ਹੀ ਬੱਸ ਨਹੀਂ, 60% ਦੁਰਘਟਨਾਵਾਂ, 90% ਤੇਜਧਾਰ ਹਥਿਆਰਾਂ ਨਾਲ ਹਮਲੇ, 69% ਬਲਾਤਕਾਰ , 80%ਦੁਸਮਣੀ ਕੱਢਣ ਵਾਲੇ ਹਮਲੇ ਵੀ ਸ਼ਰਾਬੀ ਹਾਲਤ ਵਿੱਚ ਹੀ ਕੀਤੇ ਜਾਂਦੇ ਹਨ। ਅਜਿਹੀਆਂ ਵਾਰਦਾਤਾਂ ਕਾਰਨ ਜਿੱਥੇ ਅਮਨ ਕਾਨੂੰਨ ਦੀ ਸਥਿਤੀ ਵਿਗੜਦੀ ਹੈ, ਉੱਥੇ ਹੀ ਕਰਾਈਮਗਰਾਫ਼ ਵਿੱਚ ਵਾਧਾ ਹੋਣ ਕਾਰਨ ਵੱਖ ਵੱਖ ਜੁਰਮਾਂ ਨਾਲ ਥਾਣੇ ਦਾ ਰੋਜ਼ਨਾਮਚਾ ਵੀ ਭਰਿਆ ਜਾ ਰਿਹਾ ਹੈ। ਇੰਜ ਪੰਜਾਬ ਇਸ ਵੇਲੇ ਬਹੁ-ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਸ਼ਰਾਬ ਦੇ ਪ੍ਰਕੋਪ ਕਾਰਨ ਹਰ ਪਿੰਡ ਵਿੱਚ ਅੰਦਾਜ਼ਨ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਹਰ ਰੋਜ਼ ਅੰਦਾਜ਼ਨ 18 ਤਲਾਕ ਦੇ ਮੁਕੱਦਮੇ ਅਦਾਲਤਾਂ ਵਿੱਚ ਦਰਜ਼ ਹੋ ਰਹੇ ਹਨ। ਪੀੜਤ ਔਰਤਾਂ ਨਸ਼ੱਈ ਪਤੀ ਦੀਆਂ ਹਰਕਤਾਂ ਤੋਂ ਪੋਟਾ ਪੋਟਾ ਦੁਖੀ ਹੋਕੇ ਅਲੱਗ ਰਹਿਣ ਦਾ ਫੈਸਲਾ ਬੇਵਸੀ ਦੀ ਹਾਲਤ ਵਿੱਚ ਕਰਦੀਆਂ ਹਨ।
ਪਿਛਲੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪੰਧੇਰ ਕਲਾਂ ਵਿੱਚ ਇੱਕ ਬਾਪ ਦਾ ਇਕਲੌਤਾ ਪੁੱਤ ਗੁਆਂਢ ਵਿੱਚ ਵਿਆਹ ਦੇ ਜਸ਼ਨਾਂ ਵਿੱਚ ਸ਼ਾਮਲ ਹੋਣ ਲਈ ਚਲਾ ਗਿਆ। ਦੇਰ ਰਾਤ ਤੱਕ ਜਦੋਂ ਉਹ ਨਾ ਪਰਤਿਆ ਤਾਂ ਬਾਪ ਨੇ ਉਸਨੂੰ ਘਰ ਆਉਣ ਲਈ ਕਈ ਟੈਲੀਫੋਨ ਕੀਤੇ। ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋਕੇ ਜਦੋਂ ਉਹ ਘਰ ਪੁੱਜਿਆ ਤਾਂ ਲੋਹਾ-ਲਾਖਾ ਹੋਕੇ ਮਾਂ-ਬਾਪ ਨੂੰ ਗਾਲਾਂ ਕੱਢਣ ਲੱਗ ਪਿਆ। ਥੋੜੀ ਮੋਟੀ ਕਹੀ ਸੁਣੀ ਤੋਂ ਬਾਅਦ ਲੋਹੇ ਦੀ ਰਾਡ ਨਾਲ ਮਾਂ-ਬਾਪ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਿਤੇ ਮਾਂ ਦਾ ਕਤਲ, ਕਿਤੇ ਪਤਨੀ ਦਾ ਕਤਲ, ਕਿਤੇ ਮਾਸੂਮ ਬੱਚਿਆਂ ਦੇ ਕਤਲ ਉਪਰੰਤ ਸ਼ਰਾਬੀ ਵੱਲੋਂ ਆਪਣੀ ਜੀਵਨ-ਲੀਲਾ ਵੀ ਸਮਾਪਤ ਕਰ ਲੈਣੀ, ਅਜਿਹੇ ਦਰਦਨਾਕ ਕਿੱਸੇ ਹਰ ਰੋਜ਼ ਸੁਣਨ ਨੂੰ ਮਿਲਦੇ ਹਨ। ਦਰਅਸਲ ਨਸ਼ੱਈ ਸਰੀਰਕ, ਮਾਨਸਿਕ ਅਤੇ ਬੌਧਿਕ ਕੰਗਾਲੀ ਭੋਗਦਿਆਂ ਚੰਗਾ ਪੁੱਤ, ਚੰਗਾ ਪਤੀ, ਚੰਗਾ ਬਾਪ ਅਤੇ ਚੰਗਾ ਨਾਗਰਿਕ ਬਣਨ ਦੇ ਯੋਗ ਨਹੀਂ ਹੁੰਦਾ।
ਪਿਛਲੇ ਡੇਢ ਦਹਾਕੇ ਵਿੱਚ ਬੀਅਰ ਦੀ ਖਪਤ ਵਿੱਚ 209%, ਅੰਗ੍ਰੇਜੀ ਸ਼ਰਾਬ ਵਿੱਚ 131% ਅਤੇ ਦੇਸੀ ਸ਼ਰਾਬ ਦੀ ਖਪਤ ਵਿੱਚ 127%ਦਾ ਵਾਧਾ ਹੋਣਾ ਗੰਭੀਰ ਚਿੰਤਾਜਨਕ ਵਿਸ਼ਾ ਹੈ। ਪੰਜਾਬ ਦੀਆਂ 16 ਸ਼ਰਬਾ ਦੀਆਂ ਫੈਕਟਰੀਆਂ ਰਾਹੀਂ ਰੋਜ਼ਾਨਾ 23,90,000(ਤੇਈ ਲੱਖ ਨੱਬੇ ਹਜ਼ਾਰ) ਲੀਟਰ ਸ਼ਰਾਬ ਦਾ ਉਤਪਾਦਨ ਹੋ ਰਿਹਾ ਹੈ। ਪੰਜਾਬ ਦੇ 12673 ਪਿੰਡਾਂ ਵਿੱਚ ਕੋਈ ਵੀ ਅਜਿਹਾ ਪਿੰਡ ਨਹੀਂ ਜਿੱਥੇ ਸ਼ਰਾਬ ਨੇ ਭਾਣਾ ਨਾ ਵਰਤਾਇਆ ਹੋਵੇ। ਇੱਕ ਸਰਵੇਖਣ ਅਨੁਸਾਰ ਚਾਰ ਹਜ਼ਾਰ ਦੀ ਅਬਾਦੀ ਵਾਲੇ ਪਿੰਡ ਵਿੱਚ ਹਰ ਰੋਜ਼ ਪਿੰਡ ਦੇ ਲੋਕ ਅੰਦਾਜ਼ਨ 30 ਹਜ਼ਾਰ ਦੀ ਸ਼ਰਾਬ ਡਕਾਰ ਜਾਂਦੇ ਹਨ। ਮਹੀਨੇ ਦੀ 9 ਲੱਖ ਅਤੇ ਸਾਲ ਦਾ ਇੱਕ ਕਰੋੜ ਤੋਂ ਜ਼ਿਆਦਾ ਇੱਕ ਪਿੰਡ ਦੇ ਲੋਕਾਂ ਦਾ ਸ਼ਰਾਬ ਦੇ ਲੇਖੇ ਲੱਗ ਜਾਂਦਾ ਹੈ। ਹਰ ਰੋਜ਼ ਅੰਦਾਜ਼ਨ 5.20 ਲੱਖ ਸ਼ਰਾਬ ਦੇ ਢੱਕਣ ਖੁਲ੍ਹਦੇ ਹਨ। ਪੰਜਾਬ ਸਰਕਾਰ ਵੱਲੋਂ 41 ਕਰੋੜ ਤੋਂ ਵੀ ਜ਼ਿਆਦਾ ਸ਼ਰਾਬ ਦੀਆਂ ਬੋਤਲਾਂ ਪੰਜਾਬੀਆਂ ਨੂੰ ਪਰੋਸ ਕੇ 9754 ਕਰੋੜ ਰੁਪਏ ਇਕੱਠੇ ਕਰਨ ਦਾ ਟੀਚਾ ਮਿਥਿਆ ਗਿਆ ਹੈ। ਦੂਸਰੇ ਸ਼ਬਦਾਂ ਵਿੱਚ ਪੰਜਾਬੀਆਂ ਨੂੰ ਖੁੰਘਲ ਕਰਕੇ, ਉਨ੍ਹਾਂ ਨੂੰ ਕਮਲੇ ਬੌਲੇ ਕਰਕੇ ਇਕੱਠੇ ਕੀਤੇ ਪੈਸਿਆ ਨਾਲ ਪੰਜਾਬ ਦਾ ਸਰਬਪੱਖੀਵਿਕਾਸ਼ ਕਰਨ ਦੀ ਯੋਜਨਾ ਹੈ। ਮਾਨਤਾ ਪ੍ਰਾਪਤ ਸ਼ਰਾਬ ਦੇ ਠੇਕਿਆਂ ਤੋਂ 41 ਕਰੋੜ ਤੋਂ ਜ਼ਿਆਦਾ ਸ਼ਰਾਬ ਦੀਆਂ ਜਿਹੜੀਆਂ ਬੋਤਲਾਂ ਪੰਜਾਬੀਆਂ ਨੂੰ ਪਰੋਸੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਜੇਕਰ 12000 ਲੀਟਰ ਦੀ ਕਪੈਸਿਟੀ ਵਾਲੇ ਟੈਂਕਰਾਂ ਵਿੱਚ ਪਾਇਆ ਜਾਵੇ ਤਾਂ 15291 ਟੈਂਕਰਾਂ ਵਿੱਚ ਇਹ ਸ਼ਰਾਬ ਭਰੀ ਜਾਵੇਗੀ ਅਤੇ ਜੇਕਰ ਇਨ੍ਹਾਂ ਟੈਂਕਰਾਂ ਨੂੰ ਇੱਕ ਕਤਾਰ ਵਿੱਚ ਖੜਾ ਕੀਤਾ ਜਾਵੇ ਤਾਂ 152 ਕਿਲੋਮੀਟਰ ਲੰਬੀ ਲਾਈਨ ਲੱਗ ਜਾਵੇਗੀ ਅਤੇ ਜੇਕਰ ਇਨ੍ਹਾਂ ਟੈਂਕਰਾਂ ਵਿਚਲੀ ਸ਼ਰਾਬ ਡੋਲ ਦਿੱਤੀ ਜਾਵੇ ਤਾਂ ਪੰਜਾਬ ਵਿੱਚ ਚਾਰੇ ਪਾਸੇ ਸ਼ਰਾਬ ਦਾ ਛੇਵਾਂ ਦਰਿਆ ਵਗਦਾ ਨਜ਼ਰ ਆਵੇਗਾ। ਸਥਿਤੀ ਸੱਚਮੁੱਚ ਇਸ ਤਰ੍ਹਾਂ ਦੀ ਬਣੀ ਹੋਈ ਹੈ :


ਪਿੰਡਾਂ ਵਿੱਚ ਰਹੇ ਨਾ ਏਕੇ।
ਥਾਂ-ਥਾਂ ਗਲੀ ਗਲੀ ਵਿੱਚ ਠੇਕੇ।
ਬੰਦਾ ਜਿਹੜੇ ਪਾਸੇ ਵੇਖੇ,
ਰੰਗ ਗੁਲਾਬੀ ਹੁੰਦਾ ਹੈ।
ਹੁਣ ਤਾਂ ਆਥਣ ਵੇਲੇ,
ਸਾਰਾ ਪਿੰਡ ਸ਼ਰਾਬੀ ਹੁੰਦਾ ਹੈ।

ਸ਼ਰਾਬ ਕਾਰਨ ਪੰਜਾਬੀਆਂ ਦੀ ਹੋ ਰਹੀ ਬਰਬਾਦੀ ਨੂੰ ਮੁੱਖ ਰਖਦਿਆਂ ਸੰਗਰੂਰ ਦੀਆਂ ਤਿੰਨ ਸਮਾਜਿਕ ਜਥੇਬੰਦੀਆਂ ਸਾਇੰਟੀਫਿਕਅਵੇਅਰਨੈਸ ਐਂਡ ਸ਼ੋਸ਼ਲਵੈਲਫੇਅਰਫੋਰਮ, ਬਿਰਧ ਆਸ਼ਰਮ ਸੰਗਰੂਰ ਅਤੇ ਬਿਰਧ ਆਸ਼ਰਮ ਬਡਰੁੱਖਾਂ ਨੇ ਪੰਜਾਬ ਪੰਚਾਇਤੀ ਰਾਜ ਐਕਟ1994 ਦੀ ਧਾਰਾ 40ਏ ਦਾ ਸਹਾਰਾ ਲਿਆ। ਇਸ ਧਾਰਾ ਅਧੀਨ ਜੇਕਰ ਪਿੰਡ ਦੀ ਪੰਚਾਇਤ 2/3 ਬਹੁਮੱਤ ਨਾਲ ਪਿੰਡ ਵਿੱਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਦਾ ਮਤਾ ਪਾ ਦੇਵੇ ਤਾਂ ਉਸ ਪਿੰਡ ਵਿੱਚ ਸ਼ਰਾਬ ਦਾ ਠੇਕਾ ਨਹੀਂ ਖੁਲ੍ਹੇਗਾ। ਇਨ੍ਹਾਂ ਉਦਮੀ ਸੰਸਥਾਵਾਂ ਨੇ ਪੰਜਾਬ ਦੀਆਂ ਪੰਚਾਇਤਾਂ ਨੂੰ ਜਾਗਰੂਕ ਕਰਕੇ 422 ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਵਿੱਚ ਇੱਕ ਵਾਰ ਤਾਂ ਸਫਲਤਾ ਪ੍ਰਾਪਤ ਕੀਤੀ, ਪਰ ਬਾਹੂਬਲ, ਸਰਕਾਰੀ ਤੰਤਰ ਵੱਲੋਂ ਇਸ ਮੁਹਿੰਮ ਨੂੰ ਬੰਦ ਕਰਨ ਦੀਆਂ ਕੋਸ਼ਿਸ਼ਾਂ ਅਤੇ ਸ਼ਰਾਬ ਦੇ ਠੇਕੇ ਜਿਨ੍ਹਾਂ ਪਿੰਡਾ ਵਿੱਚ ਬੰਦ ਹੋਏ, ਉਨ੍ਹਾਂ ਪਿੰਡਾਂ ਵਿੱਚ ਨਜਾਇਜ਼ ਸ਼ਰਾਬ ਦੀ ਸਪਲਾਈ ਵੱਧ ਜਾਣ ਕਾਰਨ ਉਨ੍ਹਾਂ ਨੂੰ ਪਿੱਛੇ ਹੱਟਣਾ ਪਿਆ। ਇੰਜ ਹੀ ਅਰਾਈਵਸੇਫ ਸੰਸਥਾ ਨੈਸ਼ਨਲ ਅਤੇ ਸਟੇਟ ਹਾਈਵੇ ਤੇ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਸਬੰਧੀ ਪਾਬੰਦੀ ਲਗਵਾਉਣ ਵਿੱਚ ਕਾਮਯਾਬ ਹੋਈ।



ਹਾਈਕੋਰਟ ਵੱਲੋਂ ਪਾਬੰਦੀ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਕਈ ਥਾਵਾਂ ਤੇ ਕਾਨੂੰਨ ਵਿੱਚ ਚੋਰ ਮੋਰੀ ਰਖਦਿਆਂ ਸਟੇਟ ਹਾਈਵੇ ਤੇ ਸ਼ਰਾਬ ਦੇ ਅਹਾਤੇ ਅੱਗੇ ਕਰ ਦਿੱਤੇ ਅਤੇ ਸ਼ਰਾਬ ਦੇ ਠੇਕੇ ਅਹਾਤੇ ਦੇ ਪਿਛਲੇ ਪਾਸੇ ਖੁਲ੍ਹੇ ਰੱਖਣ ਦਾ ਸਿਲਸਿਲਾ ਜਾਰੀ ਰੱਖਿਆ। ਸੰਸਥਾ ਨੇ ਇਸ ਸਬੰਧ ਵਿੱਚ ਜਦੋਂ ਦੂਜੀ ਵਾਰ ਹਾਈਕੋਰਟ ਦਾ ਸਹਾਰਾ ਲਿਆ ਤਾਂ ਪੰਜਾਬ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਸ਼ਰਾਬ ਦੇ ਠੇਕਿਆਂ ਤੋਂ ਪ੍ਰਾਪਤ ਮਾਲੀਏ ਰਾਹੀਂ ਪ੍ਰਾਂਤ ਦਾ ਵਿਕਾਸ ਕੀਤਾ ਜਾਂਦਾ ਹੈ। ਹਾਈਕੋਰਟ ਵੱਲੋਂ ਉਸ ਸਮੇਂ ਇਨ੍ਹਾਂ ਸ਼ਬਦਾਂ ਰਾਹੀਂ ਸਰਕਾਰ ਦੀ ਦਲੀਲ ਤੇ ਸਖ਼ਤ ਟਿੱਪਣੀ ਕੀਤੀ ਗਈ ਸੀ, ਜੇਕਰ ਸਰਕਾਰ ਨੂੰ ਮਾਲੀਏ ਦਾ ਐਨਾ ਹੀ ਫਿਕਰ ਹੈ, ਫਿਰ ਤਾਂ ਸਕੱਤਰੇਤ ਵਿੱਚ ਵੀ ਠੇਕਾ ਖੋਲ੍ਹ ਲਵੋ।
ਸ਼ਰਾਬ ਦੀ ਦੋ ਨੰਬਰ ਦੀ ਕਮਾਈ ਰਾਹੀਂ ਰਾਜਸੀ ਆਗੂਆਂ, ਸਰਮਾਏਦਾਰੀ ਨਿਵਾਸ ਅਤੇ ਬਾਹੂਬਲਾਂ ਨੇ ਖੂਬ ਹੱਥ ਰੰਗੇ ਹਨ। ਮਈ 2020 ਵਿੱਚ ਸੰਭੂਬਾਰਡਰ ਦੇ ਨੇੜਿਉਂ ਫਰੀ ਨਜ਼ਾਇਜ਼ ਫੈਕਟਰੀ ਵਿੱਚੋਂ 2680 ਸ਼ਰਬਾ ਦੀਆਂ ਪੇਟੀਆਂ ਦੀ ਬਰਾਮਦਗੀ, ਖੰਨਾਂਲਾਗਿਉਂ ਫੜੀਆਂ 2200 ਨਜਾਇਜ਼ ਸ਼ਰਾਬ ਦੀਆਂ ਪੇਟੀਆਂ ਅਤੇ ਅਜਿਹੀ ਜਹਿਰੀਲੀ ਸ਼ਰਾਬ ਪੀਣ ਕਾਰਨ ਤਰਨਤਾਰਨ ਇਲਾਕੇ ਵਿੱਚ 125 ਹੋਈਆਂ ਮੌਤਾਂ ਨੇ ਭਾਵੇਂ ਇੱਕ ਵਾਰ ਪੰਜਾਬ ਵਿੱਚ ਤਰਥੱਲੀ ਮਚਾ ਦਿੱਤੀ ਸੀ। ਲੋਕਾਂ ਵੱਲੋਂ ਸੱਥਰ ਵਿਛਾਉਣ ਵਾਲਿਆਂ ਤੇ ਕਤਲ ਦਾ ਮੁਕੱਦਮਾਂ ਦਰਜ ਕਰਨ ਦੀ ਮੰਗ ਸਿਆਸੀ ਲਾਰਿਆਂ ਅਤੇ ਵਾਅਦਿਆਂ ਨਾਲ ਦਬਾ ਦਿੱਤੀ ਗਈ। ਹਾਲਾਂ ਕਿ 9.3.21 ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਜ਼ਹਿਰੀਲੀ ਸ਼ਰਾਬ ਵੇਚਣ ਦੇ ਮਾਮਲੇ ਵਿੱਚ ਮੁਜ਼ਰਮਾਂ ਵੱਲੋਂ ਮੰਗੀ ਜ਼ਮਾਨਤ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਅਜਿਹੇ ਲੋਕਾਂ ਨੂੰ ਰਿਹਾਅ ਕਰਨ ਨਾਲ ਸਮਾਜ ਵਿੱਚ ਅਨਾਥਾਂ ਅਤੇ ਵਿਧਵਾਵਾਂ ਦੀ ਗਿਣਤੀ ਹੋਰ ਵਧੇਗੀ।
ਇਸ ਵੇਲੇ ਗੁਜਰਾਤ, ਮਣੀਪੁਰ, ਮਿਜ਼ੋਰਮ, ਬਿਹਾਰ, ਨਾਗਾਲੈਂਡ, ਕੇਂਦਰ ਸਾਸ਼ਤ ਪ੍ਰਦੇਸ਼, ਲਕਸ਼ਦੀਪ ਵਿੱਚ ਪੂਰਨ ਸ਼ਰਾਬਬੰਦੀ ਹੈ, ਪਰ ਦੂਜੇ ਪਾਸੇ ਪੰਜਾਬ 'ਚ ਸ਼ਰਾਬ ਦੀ ਖਪਤ ਦੇਸ਼ ਦੀ ਔਸਤ ਤੋਂ ਡੇਢ ਗੁਣਾਂ ਵੱਧ ਹੈ ਅਤੇ ਇਸਦੇ ਮਾਰੂ ਅਤੇ ਖਤਰਨਾਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਸ਼ਰਾਬ ਕਾਰਨ ਸਾਡੀ ਬੌਧਿਕ ਜ਼ਮੀਨ ਬੰਜਰ ਹੋ ਰਹੀ ਹੈ। ਹੁਣ ਵੱਧ ਤੋਂ ਵੱਧ ਸ਼ਰਾਬ ਦੇ ਠੇਕੇ ਖੋਲ੍ਹਣ ਉਪਰੰਤ ਨਸ਼ਾ ਛੁਡਾਊਕੇਂਦਰਾਂ ਦਾ ਉਦਘਾਟਨ ਕਰਨਾ ਕਿਸੇ ਵੀ ਪੱਖ ਤੋਂ ਜਾਇਜ਼ ਨਹੀਂ ਹੈ।

# ਬੁੱਧੀ ਭ੍ਰਿਸ਼ਟ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਕਈ ਵਾਰ ਚੰਗੇ ਭਲੇ ਆਦਮੀ ਦੀ ਮੱਤ ਮਾਰੀ ਜਾਂਦੀ ਹੈ ਤੇ ਉਹ ਬੈਠੇ ਬਿਠਾਏ ਅਜਿਹਾ ਪੰਗਾ ਲੈ ਬੈਠਦਾ ਹੈ ਕਿ ਨਾ ਅੱਗੇ ਜੋਗਾ ਰਹਿੰਦਾ ਹੈ ਤੇ ਨਾ ਪਿੱਛੇ ਜੋਗਾ। ਅਜਿਹਾ ਇੱਕ ਵਾਕਿਆ 8 - 10 ਸਾਲ ਪਹਿਲਾਂ ਕੈਨੇਡਾ ਵਿਖੇ ਵਾਪਰਿਆ ਸੀ। ਇੱਕ ਵਿਆਹੁਤਾ ਜੋੜੇ ਦੀ ਅਜਿਹੀ ਬੁੱਧੀ ਭ੍ਰਿਸ਼ਟ ਹੋਈ ਕਿ ਉਹ ਆਪਣਾ ਹੱਸਦਾ ਵੱਸਦਾ ਪਰਿਵਾਰ ਤਬਾਹ ਕਰ ਕੇ ਬੈਠ ਗਏ। ਚਰਨਜੀਤ ਤੇ ਉਸ ਦੀ ਪਤਨੀ ਹਰਿੰਦਰ (ਕਾਲਪਨਿਕ ਨਾਮ) ਲੰਡਨ (ਇੰਗਲੈਂਡ) ਵਿਖੇ ਆਪਣੀ 8 - 9 ਸਾਲ ਦੀ ਬੇਟੀ ਸਮੇਤ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਸਨ। ਚਰਨਜੀਤ ਇੰਜੀਨੀਅਰ ਸੀ ਤੇ ਇੱਕ ਵੱਡੀ ਕੰਪਨੀ ਵਿੱਚ ਚੰਗੇ ਅਹੁਦੇ 'ਤੇ ਤਾਇਨਾਤ ਸੀ। ਹਰਿੰਦਰ ਸਰਕਾਰੀ ਹਸਪਤਾਲ ਵਿੱਚ ਨਰਸ ਸੀ। ਪੱਛਮੀ ਦੇਸ਼ਾਂ ਵਿੱਚ ਨਰਸਾਂ ਨੂੰ ਮੋਟੀ ਤਨਖਾਹ ਮਿਲਦੀ ਹੈ। ਪਰ ਕਹਿੰਦੇ ਹਨ ਕਿ ਜਦੋਂ ਮਾੜੇ ਦਿਨ ਆਉਣ ਤਾਂ ਊਠ 'ਤੇ ਚੜ੍ਹੇ ਨੂੰ ਵੀ ਕੁੱਤਾ ਵੱਢ ਜਾਂਦਾ ਹੈ। ਹਰਿੰਦਰ ਦੀ ਵੱਡੀ ਭੈਣ ਨਵਦੀਪ ਵੈਨਕੂਵਰ ਰਹਿੰਦੀ ਸੀ ਤੇ ਉਸ ਦਾ ਪਤੀ ਮਹਾਂ ਨਲਾਇਕ ਤੇ ਵਿਹਲੜ ਕਿਸਮ ਦਾ ਆਦਮੀ ਸੀ। ਉਹ ਟੁੱਟੇ ਡੰਗ ਜੋ ਥੋੜ੍ਹਾ ਬਹੁਤ ਕਮਾਉਂਦਾ, ਸ਼ਰਾਬ ਅਤੇ ਨਸ਼ਿਆਂ ਵਿੱਚ ਉਡਾ ਦਿੰਦਾ। ਘਰ ਦਾ ਗੁਜ਼ਾਰਾ ਚਲਾਉਣ ਲਈ ਨਵਦੀਪ ਨੇ ਕੁਝ ਸਾਲਾਂ ਤੋਂ ਇੱਕ ਕੁੰਵਾਰਾ ਤੇ ਦੋ ਨੰਬਰ ਵਿੱਚ ਕੈਨੇਡਾ ਆਇਆ ਜੱਸੀ ਨਾਮ ਦਾ ਪੰਜਾਬੀ ਬੁਆਏ ਫਰੈਂਡ ਇਹ ਲਾਰਾ ਲਾ ਕੇ ਫਸਾਇਆ ਹੋਇਆ ਸੀ ਕਿ ਮੈਂ ਆਪਣੇ ਪਤੀ ਨੂੰ ਤਲਾਕ ਦੇ ਕੇ, ਤੇਰੇ ਨਾਲ ਵਿਆਹ ਕਰਵਾ ਕੇ ਤੈਨੂੰ ਪੱਕਾ ਕਰਵਾ ਦੇਵਾਂਗੀ।
ਜੱਸੀ ਹੁਣ ਨਵਦੀਪ ਦੇ ਲਾਰਿਆਂ ਤੋਂ ਅੱਕਿਆ ਪਿਆ ਸੀ। ਦੋ ਕਿੱਲੇ ਵੇਚ ਕੇ ਜੱਸੀ ਨੂੰ ਕੈਨੇਡਾ ਭੇਜਣ ਵਾਲਾ ਉਸ ਦਾ ਪਿਉ ਵੀ ਪੈਸਿਆਂ ਦੀ ਮੰਗ ਕਰਦਾ ਰਹਿੰਦਾ ਸੀ। ਪਰ ਨਵਦੀਪ ਉਸ ਕੋਲ ਕੋਈ ਪੈਸਾ ਛੱਡੇ ਤਾਂ ਉਹ ਇੰਡੀਆ ਭੇਜੇ। ਜੱਸੀ ਨੇ ਨਵਦੀਪ ਨੂੰ ਆਖਰੀ ਚੇਤਾਵਨੀ ਦੇ ਦਿੱਤੀ ਕਿ ਜਾਂ ਤਾਂ ਮੈਨੂੰ ਪੱਕਾ ਕਰਵਾ ਨਹੀਂ ਮੈਂ ਕੋਈ ਹੋਰ ਜੁਗਾੜ ਭਾਲਦਾ ਹਾਂ। ਨਵਦੀਪ ਬਹੁਤ ਹੀ ਸ਼ਾਤਰ ਕਿਸਮ ਦੀ ਔਰਤ ਸੀ। ਉਸ ਨੇ ਸੋਚਿਆ ਕਿ ਜੇ ਹਰਿੰਦਰ ਵੈਨਕੂਵਰ ਆ ਜਾਵੇ ਤਾਂ ਉਸ ਦਾ ਜੱਸੀ ਨਾਲ ਵਿਆਹ ਕਰਵਾ ਕੇ ਇਸ ਮੁਸ਼ਕਿਲ ਦਾ ਹੱਲ ਕੱਢਿਆ ਜਾ ਸਕਦਾ ਹੈ।
ਇਸ ਤਰਾਂ ਇੱਕ ਦੀ ਬਜਾਏ ਸੋਨੇ ਦੇ ਅੰਡੇ ਦੇਣ ਵਾਲੀਆਂ ਦੋ ਮੁਰਗੀਆਂ ਕਾਬੂ ਆ ਜਾਣਗੀਆਂ। ਉਸ ਨੇ ਫੋਨ ਰਾਹੀਂ ਹੌਲੀ ਹੌਲੀ ਹਰਿੰਦਰ ਨੂੰ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਕਿ ਜੇ ਉਹ ਤੇ ਚਰਨਜੀਤ ਵੈਨਕੂਵਰ ਆ ਜਾਣ ਤਾਂ ਉਨ੍ਹਾਂ ਦੀ ਕਿਸਮਤ ਬਦਲ ਜਾਵੇਗੀ। ਇਥੇ ਇੰਜੀਨੀਅਰ ਤੇ ਨਰਸ ਨੂੰ ਇੰਗਲੈਂਡ ਨਾਲੋਂ ਕਈ ਗੁਣਾ ਵੱਧ ਤਨਖਾਹ ਮਿਲਦੀ ਹੈ ਤੇ ਘਰ ਵੀ ਸਸਤੇ ਹਨ। ਪਹਿਲਾਂ ਤਾਂ ਉਹ ਨਾ ਮੰਨੇ ਪਰ ਹੌਲੀ ਹੌਲੀ ਉਨ੍ਹਾਂ 'ਤੇ ਨਵਦੀਪ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਦਾ ਅਸਰ ਹੋ ਗਿਆ ਤੇ ਉਹ ਆਪਣਾ ਬੋਰੀ ਬਿਸਤਰਾ ਸਮੇਟ ਕੇ ਵੈਨਕੂਵਰ ਪਹੁੰਚ ਗਏ।
ਪਹਿਲਾਂ ਤਾਂ ਉਨ੍ਹਾਂ ਨੂੰ ਕੁਝ ਮਹੀਨੇ ਨਵਦੀਪ ਨੇ ਆਪਣੇ ਘਰ ਰੱਖਿਆ ਤੇ ਫਿਰ ਨਜ਼ਦੀਕ ਹੀ ਕਿਰਾਏ 'ਤੇ ਇੱਕ ਮਕਾਨ ਲੈ ਦਿੱਤਾ। ਕਹਾਵਤ ਹੈ ਕਿ ਇੱਕ ਗੰਦੀ ਮਛਲੀ ਸਾਰਾ ਤਲਾਬ ਗੰਦਾ ਕਰ ਦਿੰਦੀ ਹੈ। ਨਵਦੀਪ ਨੇ ਵੀ ਮੌਠਗਣੀ ਬਣ ਕੇ ਆਪਣੀ ਭੈਣ ਦਾ ਘਰ ਉਜਾੜ ਦਿੱਤਾ ਤੇ ਉਸ ਦੀ ਦੋਸਤੀ ਜੱਸੀ ਨਾਲ ਕਰਵਾ ਦਿੱਤੀ। ਜਦੋਂ ਚਰਨਜੀਤ ਨੂੰ ਪਤਾ ਲੱਗਾ ਤਾਂ ਘਰ ਵਿੱਚ ਲੜਾਈ ਝਗੜਾ ਸ਼ੁਰੂ ਹੋ ਗਿਆ ਤੇ ਜਲਦੀ ਹੀ ਦੋਵਾਂ ਵਿੱਚ ਤਲਾਕ ਹੋ ਗਿਆ। ਤਲਾਕਨਾਮੇ ਦੇ ਮੁਤਾਬਕ ਬੱਚੀ ਹਰਿੰਦਰ ਕੋਲ ਰਹਿ ਗਈ। ਨਵਦੀਪ ਨੇ ਕੁਝ ਦਿਨਾਂ ਬਾਅਦ ਹੀ ਹਰਿੰਦਰ ਤੇ ਜੱਸੀ ਦਾ ਵਿਆਹ ਕਰਵਾ ਦਿੱਤਾ। ਇਸ ਸਾਰੇ ਘਟਨਾਕ੍ਰਮ ਕਾਰਨ ਚਰਨਜੀਤ ਦਾ ਦਿੱਲ ਟੁੱਟ ਗਿਆ। ਉਸ ਨੇ ਕੈਨੇਡਾ ਵਿੱਚ ਰਹਿਣ ਤੋਂ ਤੌਬਾ ਕਰ ਲਈ ਤੇ ਇੱਕ ਚੰਗੀ ਕੰਪਨੀ ਵਿੱਚ ਨੌਕਰੀ ਹਾਸਲ ਕਰ ਕੇ ਆਸਟਰੇਲੀਆ ਚਲਾ ਗਿਆ। ਕੁਝ ਸਮੇਂ ਬਾਅਦ ਉਸ ਨੇ ਉਥੇ ਹੀ ਵਿਆਹ ਕਰਵਾ ਲਿਆ।
ਮੋਟੇ ਦਿਮਾਗ ਦੇ ਜੱਸੀ ਨੇ ਸਮਝਿਆ ਕਿ ਹੁਣ ਤਾਂ ਮੈਂ ਪੱਕਾ ਹੋ ਹੀ ਜਾਣਾ ਹੈ ਤੇ ਜਲਦੀ ਹੀ ਉਸ ਨੇ ਆਪਣੇ ਅਸਲੀ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ। ਰੋਜ਼ਾਨਾ ਸ਼ਰਾਬ ਨਾਲ ਰੱਜ ਕੇ ਤਾਹਨੇ ਮਿਹਣੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਮੈਂ ਤਾਂ ਪੱਕਾ ਹੋਣ ਦੇ ਚੱਕਰ ਵਿੱਚ ਫਸ ਗਿਆ, ਨਹੀਂ ਤੇਰੇ ਵਰਗੀ ਛੁੱਟੜ ਨਾਲ ਕੌਣ ਵਿਆਹ ਕਰਵਾਉਂਦਾ। ਗਾਲ ਮੰਦੇ ਤੋਂ ਗੱਲ ਕੁੱਟ ਮਾਰ ਤੱਕ ਪਹੁੰਚ ਗਈ। ਹੌਲੀ ਹੌਲੀ ਹਰਿੰਦਰ ਨੂੰ ਆਪਣੀ ਭੈਣ ਦੀ ਅਸਲੀਅਤ ਪਤਾ ਚੱਲ ਗਈ ਤੇ ਉਹ ਉਸ ਸਮੇਂ ਨੂੰ ਪਛਤਾਉਣ ਲੱਗੀ ਜਦੋਂ ਉਹ ਇਸ ਬਾਰਾਂ ਤਾਲੀ ਦੀਆਂ ਗੱਲਾਂ ਵਿੱਚ ਫਸ ਕੇ ਕੈਨੇਡਾ ਆ ਗਈ ਸੀ। ਦੂਸਰੇ ਪਾਸੇ ਚਰਨਜੀਤ ਦਾ ਵੀ ਪੰਗਾ ਪੈ ਗਿਆ ਕਿਉਂਕਿ ਉਸ ਦੀ ਪਤਨੀ ਬੇਹੱਦ ਸ਼ੱਕੀ ਕਿਸਮ ਦੀ ਔਰਤ ਸੀ। ਜਦੋਂ ਚਰਨਜੀਤ ਆਪਣੀ ਬੱਚੀ ਨਾਲ ਕੈਨੇਡਾ ਫੋਨ 'ਤੇ ਗੱਲ ਕਰਦਾ ਤਾਂ ਉਹ ਪਵਾੜਾ ਪਾ ਕੇ ਬੈਠ ਜਾਂਦੀ ਕਿ ਉਹ ਆਪਣੀ ਪਹਿਲੀ ਪਤਨੀ ਨਾਲ ਗੱਲਾਂ ਕਰਦਾ ਹੈ। ਜਦੋਂ ਚਰਨਜੀਤ ਦੇ ਸਿਰ ਤੋਂ ਪਾਣੀ ਲੰਘ ਗਿਆ ਤਾਂ ਉਸ ਨੇ ਲੰਡਨ ਵਿਖੇ ਆਪਣੇ ਕਿਸੇ ਸਿਆਣੇ ਰਿਸ਼ਤੇਦਾਰ ਨਾਲ ਦੁੱਖ ਫੋਲਿਆ। ਰਿਸ਼ਤੇਦਾਰ ਨੂੰ ਸਾਰੀ ਰਾਮ ਕਹਾਣੀ ਦਾ ਪਤਾ ਲੱਗਾ ਤਾਂ ਉਸ ਨੇ ਹਰਿੰਦਰ ਨਾਲ ਗੱਲ ਕੀਤੀ ਤੇ ਵਿੱਚ ਪੈ ਕੇ ਦੋਵਾਂ ਦੀ ਸੁਲ੍ਹਾ ਸਫਾਈ ਕਰਵਾ ਦਿੱਤੀ। ਦੋਵੇਂ ਤਲਾਕ ਲੈ ਕੇ ਦੁਬਾਰਾ ਲੰਡਨ ਪਹੁੰਚ ਗਏ ਤੇ ਹੁਣ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹਨ। ਨਵਦੀਪ ਨਾਲ ਬਹੁਤ ਬੁਰੀ ਹੋਈ। ਉਸ ਨੂੰ ਪਤੀ ਨੇ ਵੀ ਛੱਡ ਦਿੱਤਾ ਤੇ ਪੱਕਾ ਨਾ ਹੋਣ ਕਾਰਨ ਬੁਆਏ ਫਰੈਂਡ ਨੇ ਵੀ। ਕਿਸ਼ਤਾਂ ਨਾ ਭਰ ਸਕਣ ਕਾਰਨ ਮਕਾਨ ਬੈਂਕ ਨੇ ਜ਼ਬਤ ਕਰ ਲਿਆ ਤੇ ਹੁਣ ਉਹ ਕਿਰਾਏ ਦੀ ਬੇਸਮੈਂਟ ਲੈ ਕੇ ਤੇ ਛੋਟੇ ਮੋਟੇ ਕੰਮ ਕਰ ਕੇ ਬੱਚੇ ਪਾਲ ਰਹੀ ਹੈ। ਜੱਸੀ ਵੀ ਜੇ ਸਾਲ ਛੇ ਮਹੀਨੇ ਆਪਣੀ ਜ਼ੁਬਾਨ 'ਤੇ ਕੰਟਰੋਲ ਰੱਖਦਾ ਤਾਂ ਸ਼ਾਇਦ ਪੱਕਾ ਹੋ ਜਾਂਦਾ।















$300*

+

ਬਚਤ ਦੇ
ਆਸਾਨ ਤਰੀਕੇ।

ਜਦੋਂ ਤੁਸੀਂ ATB ਨੂੰ ਅਜ਼ਮਾਉਂਦੇ ਹੋ,
ਬੈਂਕ ਖਾਤਾ ਤਾਂ ਸਿਰਫ਼ ਇੱਕ ਸ਼ੁਰੂਆਤ ਹੈ।

ATB POWERING POSSIBILITY™

atb.com/bonus300 ਤੇ ਹੋਰ ਜਾਣੋ

*ਨਿਯਮ ਅਤੇ ਸ਼ਰਤਾਂ ਲਾਗੂ ਹਨ









Register to find out how much you can save on your new home at South Point!

**VESTASOUTHPOINT.COM**


SINGLE FAMILY LANE HOMES


MODERN DOUBLE FRONT GARAGE


ROWHOMES


DUPLEX HOMES

**Sales Centre & Showhomes**
600 South Point Heath SW, Airdrie, AB

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**Contact us**
Margo Jaggard & Aman Sandhu
Tel: 403.980.1979
Email: southpoint@vestaproperties.com




Register to find out how much you can save on your new home at Copperstone !

**COPPERSTONELIVING.COM**


LUXURY ESTATES SINGLE FAMILY HOMES


MODERN DOUBLE FRONT GARAGE

**Contact us**
Erik van der Linden & Umair Malik
Tell: 587.674.3438
Email: copperstone@vestaproperties.com

**Sales Centre & Showhomes**
600 South Point Heath SW, Airdrie, AB
Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**Promotion applies to select homes and valid until December 31st, 2023

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 25 ਸਾਲ ਕੱਦ 5 ਫੁੱਟ 3 ਇੰਚ ਜਨਮ 1997 ਬੀ ਏ ,ਬੀ ਐੱਡ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਪੱਕੇ ਤੌਰ ਤੇ ਕੈਲਗਰੀ ਵਿਖੇ ਹੀ ਟੀਚਰ ਦੀ ਜੌਬ ਕਰ ਰਹੀ ਹੈ ਇਸ ਲਈ ਟੀਚਰ ਅਤੇ ਕੈਲਗਿਰੀ ਨੂੰ ਪਹਿਲ ਹੈ । ਸੰਪਰਕ : ਵਟਸ ਐਪ ਮੈਸਿਜ ਜਾਂ ਫੋਨ ਕਾਲ 403 970 3191 ***238***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮੱਲ੍ਹੀ ਪਰਿਵਾਰ ਦੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ : ਬੀ ਐਸ ਸੀ ਐਗਰੀਕਲਚਰ ਅਤੇ ਪਰੋਜੈਕਟ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 960 1260 ***234***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਕੰਬੋਜ਼ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਬੈਚੂਲਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਅਤੇ ਭਰਾ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਉਹਨਾਂ ਕੋਲ ਆਪਣਾ ਘਰ ਹੈ। ਲੜਕੇ ਕੋਲ ਵੀ ਆਪਣਾ ਵੱਖਰਾ ਘਰ ਹੈ । ਸੰਪਰਕ: 306 521 0275 ***238***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਵਿੱਚ ਬਚਪਨ ਤੋਂ ਰਹਿੰਦੇ , ਜੱਟ ਸਿੱਖ ਪਰਿਵਾਰ ਦੇ ਲੜਕੇ,ਜਨਮ 1991,ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ : ਅਲਬਰਟਾ ਸੂਬੇ ਤੋਂ ਹੀ ਸਪਲਾਈ ਚੇਨ ਬਿਜਨਿਸ ਮੈਨੇਜਮੈਂਟ ਪ੍ਰੋਫੈਸ਼ਨਲ ਡੇਜੀਗਨੇਸ਼ਨ,ਹੁਣ ਅਲਬਰਟਾ ਸਰਕਾਰ ਨਾਲ ਪ੍ਰਕਿਊਰਮੈਂਟ ਮੈਨੇਜਰ ਦੇ ਤੌਰ ਤੇ ਜੌਬ ਕਰ ਰਹੇ ਲਈ, ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਜੰਮੀ ਪਲ਼ੀ ਜਾਂ ਲੰਮੇ ਸਮੇਂ ਤੋਂ ਕਨੇਡਾ ਰਹਿ ਰਹੀ ,ਬਰਾਬਰ ਦੀ ਵਿੱਦਿਅਕ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ ਵਟਸਐਪ ਜਾਂ ਕਾਲ : 587 568 9364 ***237***

## ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜ਼ੇ ਉਪਰ ਆਏ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: +2 ,ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ:1 204 869 2672, **e mail:** jsbaldev99@gmail.com ***237***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 0091 9464034653 ਜਾਂ 1 236 458 2228 ***238***

## ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or email: garysb2020@gmail.com ***236****

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1778 325 4792 ******

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜ੍ਹੀਆ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ,ਜਨਮ 1993,ਵਿਦਿਅਕ ਯੋਗਤਾ :B.EnvD.M.Arch ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ ਕਰਨ ਲਈ ਆਪਣੀ ਜਾਣਕਾਰੀ ਫੋਨ ਉੱਪਰ ਵਟਸ ਐਪ ਮੈਸੇਜ ਕਰਨ ਉਪਰੰਤ ਹੀ ਕਾਲ ਕੀਤੀ ਜਾਵੇ। ਸੰਪਰਕ:1 204 899 6570 ***236***

## ਲੜਕੀ ਦੀ ਲੋੜ

ਪੰਜਾਬ ਜਿਲ੍ਹਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ,ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਬੀ ਏ ਪਾਸ ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਸੰਪਰਕ: 001 403 992 9190 ***235***

## ਲੜਕੀ ਦੀ ਲੋੜ

Hindu punjabi khatri boy 38 years old, height 5.7 living in Vancouver upper middle class family, B.tech/MBA, now self-employed in logistics, Canadian citizen looking for a beautiful educated girl within Canada. Tourist, work permit, PR or citizen. +1 306 502 6789 ***235***

## ਲੜਕੇ ਦੀ ਲੋੜ

D.O.B.1992,Height-5'6",Caste-Ramghria, Gotra-Rupal-Deogan. Currently living in Surrey as permanent resident. Qualification Mass communication as well as Master degree in English. Moved to Canada in July 2022 with express entry. Call: 0091 93548 56600 ***235***

## ਜੀਵਨ ਸਾਥਣ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਵੈਜੀਟੇਰੀਅਨ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ ਲਈ ਜੀਵਨ ਸਾਥਣ ਦੀ ਲੋੜ ਹੈ । ਪਹਿਲਾਂ ਵਾਲੇ ਵਿਆਹ ਦਾ 1 ਮੁੰਡਾ ਅਤੇ 1 ਕੁੜੀ ਹੈ । ਲੜਕੇ ਦਾ ਆਪਣਾ ਬਿਜ਼ਨਸ ਹੈ। ਬਿਨਾਂ ਬੱਚਿਆਂ ਤੋਂ ਜਾਂ 1 ਬੱਚੇ ਵਾਲੀ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ: 1 250 552 3353 ਜਾਂ 1250 564 217 ***235***

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਆਏ ਜੁਲਾਹਾ ਸਿੱਖ ਪਰਿਵਾਰ ਦੇ ਲੜਕੇ ਤਲਾਕਸੁਦਾ,(ਕੋਈ ਬੱਚਾ ਨਹੀ) ਉਮਰ 43 ਸਾਲ, ਕੱਦ 5ਫੁੱਟ 11 ਇੰਚ, ਐਡਮਿੰਟਨ ਵਿੱਚ ਵਰਕ ਪਰਮਿਟ ਉੱਪਰ ਜੌਬ ਕਰ ਰਹੇ, ਗਰੈਜੂਏਟ ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 780 297 2254 ***235***

## ਲੜਕੀ ਦੀ ਲੋੜ

ਬਰਾੜ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਪੜ੍ਹਾਈ ਲਿਖਾਈ ਪਲੱਸ 2 ,ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੇ ਵਿਆਹ ਦਾ ਇੱਕ ਲੜਕਾ 12 ਸਾਲ ਦੀ ਉਮਰ ਦਾ ਹੈ ।ਸੰਪਰਕ: 587 973 6070 ***235***

## ਲੜਕੀ ਦੀ ਲੋੜ

ਇੰਡੀਆਂ ਪੰਜਾਬ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ , ਉਮਰ 22 ਸਾਲ, ਕੱਦ 5 ਫੁੱਟ 11 ਇੰਚ, ਨਸ਼ਾ ਰਹਿਤ, Chitkara University ਤੋ 231 ਦੀ ਡਿਗਰੀ ਤੇ ਦਿੱਲੀ ਤੋ Certified Fitness Trainer ਦੀ ਕੋਰਸ ਕੀਤੇ ਲੜਕੇ ਲਈ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਲੜਕੇ ਦੀ ਪੰਜਾਬ ਹਰਿਆਣੇ ਵਿੱਚ ਚੰਗੀ ਜਾਇਦਾਦ ਹੈ !ਲੜਕੇ ਦੇ ਪਰਿਵਾਰਕ ਰਿਸ਼ਤੇਦਾਰ ਕੈਨੇਡਾ ਸੈਟਲ ਹਨ ਜੋ ਪੂਰੀ ਮਦਦ ਕਰਨਗੇ ! ਵਧੇਰੇ ਜਾਣਕਾਰੀ ਲਈ 780-700-5022 ਜਾ sukhvirbhanguGE@ gmail.com ਤੇ ਸੰਪਰਕ ਕਰ ਸਕਦੇ ਹੋ !! ***235***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਮੋਗਾ ਜਿਲੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ : 1 306 450 0239 ***234***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰੰਤ ਐਲ ਐਮ ਆਈ ਏ ਉੱਪਰ ਮੁਕਤਸਰ (ਪੰਜਾਬ) ਵਿੱਚ 11.15 ਏਕੜ ਜ਼ਮੀਨ ਦੀ ਮਾਲਕੀ ਵਾਲੇ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ +2+ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 431 996 1000 ***234***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਐਡਮਿੰਟਨ ਵਿਚ ਰਹਿੰਦੇ ਗਰਚਾ ਪਰਿਵਾਰ ਦੇ ਲੜਕੇ ,ਜਨਮ 1995, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਅਕਾਊਂਟਿੰਗ ਅਤੇ ਪਲੰਬਰ ਦਾ ਡਿਪਲੋਮਾ ਕੀਤਾ ਹੈ। ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ । ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ। ਐਡਮਿੰਟਨ ਅਤੇ ਕੈਲਗਰੀ ਨੂੰ ਪਹਿਲ , ਸੰਪਰਕ : 587 568 8795 ਜਾਂ 587 568 8796 ***234***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ, ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 4 ਇੰਚ, ਹਿਊਮਨ ਰਿਸੋਰਸ ਐਡਮਿਨ ਡਿਪਲੋਮਾਂ ਹੋਲਡਰ / ਫੂਡ ਟੈਕਨੋਲਜੀ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ ਸਿਰਫ ਈ ਮੇਲ ਰਾਹੀਂ ਹੀ ਕਰ ਸਕਦੇ ਹੋ। ਈ ਮੇਲ: jiwangrewal52@gmail.com ***234***

## ਲੜਕੀ ਦੀ ਲੋੜ

20 ਏਕੜ ਜ਼ਮੀਨ ਦੇ ਮਾਲਕ ਸਾਬਕਾ ਸਰਪੰਚ ਅਤੇ ਹੁਣ ਗੁਰੂਘਰ ਦੀ ਕਮੇਟੀ ਦੇ ਪ੍ਰਧਾਨ ਪੰਜਾਬ ਰਹਿੰਦੇ ਜੱਟ ਸਿੱਖ ਗੋਸਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪਹਿਲੇ ਸਾਲ ਪੜ੍ਹਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਕਨੇਡਾ ਆਕੇ ਆਪਣੇ ਅੰਕਲ ਦੇ ਹੋਟਲ ਬਿਜਨਿਸ ਦੀ ਟੀਮ ਦਾ ਹਿਸਾ ਬਣ ਸਕਦਾ ਹੈ। ਸੰਪਰਕ: 1 780 901 3797 ***234***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਨਾਈ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਕੈਲਗਰੀ ਤੋਂ ਬੀ ਐਸ ਸੀ ਨਰਸਿੰਗ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਲੜਕੀ ਇਸ ਵੇਲੇ 45 ਡਾਲਰ /ਘੰਟਾ ਦੀ ਆਰ ਐਨ(ਰਜਿਸਟਰਡ ਨਰਸ) ਦੀ ਜੌਬ ਕਰ ਰਹੀ ਹੈ। ਫੋਨ ਦਿਨ ਦੇ 2:00 ਵਜੇ ਤੋਂ ਲੈਕੇ ਰਾਤ ਦੇ 12:00 ਵਜੇ ਦੇ ਦਰਮਿਆਨ ਹੀ ਕੀਤਾ ਜਾਵੇ। ਸੰਪਰਕ: 587 581 3088 ***234***

## ਲੜਕੀ ਦੀ ਲੋੜ

ਪੰਜਾਬ ਰਹਿੰਦੇ 4 ਕਿੱਲੇ ਸਹਿਰੀ ਜਾਇਦਾਦ ਦੇ ਮਾਲਕ ,ਜੱਟ ਸਿੱਖ,ਅੰਮ੍ਰਿਤਧਾਰੀ,ਉਮਰ 29 ਸਾਲ,ਕੱਦ 6 ਫੁੱਟ, 5 ਸਾਲ ਦਾ ਤਜ਼ਰਬਾ ਰੱਖਣ ਵਾਲੇ ਮਕੈਨੀਕਲ ਇੰਜੀਨੀਅਰ ਲੜਕੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:ਵਟਸਐਪ 94658-46544 ***234***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਜਿਲਾ ਮੋਗਾ ਨਾਲ ਸਬੰਧਿਤ ਐਮ ਏ ਇੰਗਲਿਸ਼,ਬੀ ਐੱਡ ਲਈ ਪੜੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 825 205 3609 ਜਾਂ 403 951 1954 ***234***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਕਾਹਲੋਂ ਪਰਿਵਾਰ ਦੇ ਲੜਕੇ,ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮਰਜੈਂਸੀ ਵੈਟਨਰੀ ਡਾਕਟਰ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ:13069145600 **233**

## ਲੜਕੀ ਦੀ ਲੋੜ

ਕਨੇਡੀਅਨ ਬੌਰਨ, ਜੱਟ ਸਿੱਖ ਦਿਓਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 3 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ,ਅਕਾਊਂਟਿੰਗ ਡਿਪਲੋਮਾਂ ਹੋਲਡਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 918 5718 ***233***

## ਲੜਕੀ ਦੀ ਲੋੜ

ਕਨੇਡਾ ਸਟੱਡੀ ਪਰਮਿਟ ਉੱਪਰ ਆਈ ਨਾਈ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 25 ਸਾਲ, ਇੰਡੀਆ ਤੋਂ (BDS) ਡੈਂਟਲ ਡਾਕਟਰ ਦੀ ਡਿਗਰੀ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 614 0001 ***233***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਨਸ਼ਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਪੁਲਿਸ ਵਿੱਚ ਕੰਮ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 1 204 688 6767 ***233***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਾਈ ਸਿੱਖ ਦੇ ਲੜਕੇ,ਜਨਮ 1991,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਕਾਮ (foreign),ਜੋ ਇਸ ਵੇਲੇ ਕਨੇਡਾ ਵਿੱਚ ਹੀ ਅਕਾਊਂਟੈਂਟ ਦੀ ਚੰਗੀ ਜੌਬ ਕਰ ਰਿਹਾ ਹੈ ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਚੰਗੀ ਪੜ੍ਹੀਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 889 6509,1-431 334 7456 ਜਾਂ 0091-855 807 0708 ***233***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸੁਦਾ ਲੜਕੇ ਉਮਰ 37 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਇਸ ਵੇਲੇ ਏਅਰਪੋਰਟ ਉੱਪਰ ਬੱਸ ਡਰਾਈਵਰ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 1 778 953 0024 ***233***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 8 ਇੰਚ, ਆਟੋ ਮੋਬਾਈਲ ਡਿਪੋਲਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤਟ ਟਰੱਕਿੰਗ ਦਾ ਬਿਜਨਿਸ ਹੈ। ਮਾਂ ਬਾਪ ਸੁਪਰਵੀਜ਼ਾ ਉੱਪਰ ਆਏ ਹੋਏ ਹਨ। ਇੰਡੀਆ, ਕਨੇਡਾ ਜਾਂ ਯੂ ਐਸ ਏ ਕਿਤੇ ਵੀ ਰਹਿੰਦੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ। ਸੰਪਰਕ: 403 415 4033 **233**

## ਫਾਰਮਾਕੇਅਰ ਬਿੱਲ ਲਿਆਉਣ ਲਈ ਜੇ ਲਿਬਰਲਾਂ ਨੂੰ ਵਧੇਰੇ ਸਮਾਂ ਚਾਹੀਦਾ ਹੈ ਤਾਂ ਨਤੀਜੇ ਵੀ ਬਿਹਤਰ ਹੋਣ : ਜਗਮੀਤ ਸਿੰਘ

ਓਟਵਾ, (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਜੇ ਫੈਡਰਲ ਸਰਕਾਰ ਨੂੰ ਇਸ ਸਾਲ ਫਾਰਮਾਕੇਅਰ ਬਿੱਲ ਪਾਸ ਕਰਨ ਲਈ ਹੋਰ ਸਮਾਂ ਚਾਹੀਦਾ ਹੈ ਤਾਂ ਬਦਲੇ ਵਿੱਚ ਅਸੀਂ ਵੀ ਬਿਹਤਰ ਨਤੀਜਿਆਂ ਦੀ ਆਸ ਕਰਦੇ ਹਾਂ।ਡੈੱਡਲਾਈਨ ਸਿਰ ਉੱਤੇ ਆ ਚੁੱਕੀ ਹੈ ਤੇ ਅਜਿਹੇ ਵਿੱਚ ਇਹ ਕਨਸੋਆਂ ਵੀ ਮਿਲ ਰਹੀਆਂ ਹਨ ਕਿ ਜੇ ਲਿਬਰਲ ਸਰਕਾਰ ਆਪਣਾ ਵਾਅਦਾ ਪੂਰਾ ਨਾ ਕਰ ਸਕੀ ਤਾਂ ਲਿਬਰਲ-ਐਨਡੀਪੀ ਡੀਲ ਕਿਤੇ ਟੁੱਟ ਹੀ ਨਾ ਜਾਵੇ। ਪਰ ਸਾਰੀਆਂ ਅਟਕਲਾਂ ਉੱਤੇ ਰੋਕ ਲਾਉਂਦਿਆਂ ਫੈਡਰਲ ਐਨਡੀਪੀ ਨੇ ਆਖਿਆ ਕਿ ਉਹ ਲਿਬਰਲਾਂ ਉੱਤੇ ਪਾਏ ਦਬਾਅ ਨੂੰ ਘੱਟ ਨਹੀਂ ਕਰਨ ਜਾ ਰਹੀ, ਸਗੋਂ ਇਸ ਗੱਲ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਕਿ ਜੇ 2023 ਵਿੱਚ ਕੋਈ ਬਿੱਲ ਸਾਕਾਰ ਨਹੀਂ ਹੁੰਦਾ ਤਾਂ ਉਨ੍ਹਾਂ ਦਾ ਅਗਲਾ ਕਦਮ ਕੀ ਹੋਵੇਗਾ।


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.


- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਜ਼ਮੀਨ ਵਿਕਾਊ ਹੈ

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187

ਬਿਜਨਿਸ ਵਿਕਾਊ ਹੈ




ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।

ਸੰਪਰਕ: 306 850 9734

**Name Change**

I, **MANPREET SINGH** son/of **BALRAJ SINGH** , holder of Indian passport **No.T8937180**, issued at **VANCOUVER** , on 1**5/05/2020,** permanent resident of **VPO: MEHAND PUR ,TEH : BALACHAUR ,SBS NAGAR, PIN: 144526, PUNJAB,INDIA** and presently residing at 464 Reynolds Ave SW Airdrie T4B 5G2 (AB) CANADA. Do hereby change My name from **MANPREET SINGH** to **MANPREET SINGH NAGRA** with immediate effect.

**Date: 17/11/2023 Phone: 587 839 1286**

**Name Change**

I, **VIKRAM KUMAR**, father of **ADVIK**, resident of **118 Gurdial Enclave, Near Church, Sansarpur, Jalandhar, Punjab-144024**, India, and presently residing at **88 Walden Gardens SE Calgary Alberta Canada T2X0M9** do hereby change the name of my son from **ADVIK to ADVIK KAMBOJ,** with immediate effect.

**Name Change**

I, **VIKRAM KUMAR**, father of **EKAM**, resident of **118 Gurdial Enclave, Sansarpur, Jalandhar Cantt., Jalandhar, Punjab-144024**, India, and presently residing at **88 Walden Gardens SE Calgary, Alberta Canada T2X0M9,** do hereby change the name of my daughter from **EKAM to KEYA KAMBOJ**, with immediate effect.


## ਕਨੇਡੀਅਨ ਨਾਗਰਿਕਾਂ ਨੂੰ ਹੁਣ ਭਾਰਤ ਜਾਣ ਲਈ ਈ ਵੀਜ਼ਾ ਵੀ ਮਿਲਣਾ ਸ਼ੁਰੂ ਹੋਇਆ

ਨਵੀਂ ਦਿੱਲੀ,(ਪੰਜਾਬੀ ਅਖ਼ਬਾਰ ਬਿਊਰੋ): ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਬਿਆਨਾਂ ਅਨਸਾਰ ਹੁਣ ਕੈਨੇਡੀਅਨ ਨਾਗਰਿਕਾਂ ਲਈ ਭਾਰਤ ਵੱਲੋਂ ਇਲੈਕਟ੍ਰੌਨਿਕ ਵੀਜ਼ਾ ਸਰਵਿਸਿਜ਼ ਬਹਾਲ ਕਰ ਦਿੱਤੀਆਂ ਗਈਆਂ ਹਨ। ਜੋ ਕਿ ਕੁੱਝ ਮਹੀਨੇ ਪਹਿਲਾਂ ਦੋਵਾਂ ਮੁਲਕਾਂ ਦੇ ਆਪਸੀ ਰਾਜਨੀਤਕ ਸਬੰਧਾਂ ਵਿੱਚ ਖਟਾਅ ਪੈਦਾ ਹੋਣ ਕਾਰਣ ਬੰਦ ਕਰ ਦਿੱਤੀਆਂ ਗਈਆਂ ਸਨ।

22 ਨਵੰਬਰ 2023 ਤੋਂ ਇਲੈਕਟ੍ਰੌਨਿਕ ਵੀਜ਼ਾ ਮੁੜ ਸ਼ੁਰੂ ਕਰ ਦਿੱਤੇ ਗਏ ਹਨ। ਇਸ ਕਦਮ ਨਾਲ ਦੋਵਾਂ ਮੁਲਕਾਂ ਨਾਲ ਉਸ ਸਮੇਂ ਪੈਦਾ ਹੋਇਆ ਤਣਾਅ ਘਟੇਗਾ ਜਦੋਂ ਤੈਸ਼ ਵਿੱਚ ਆ ਕੇ ਦੋਵਾਂ ਦੇਸ਼ਾਂ ਨੇ ਇੱਕ ਦੂਜੇ ਦੇ ਡਿਪਲੋਮੈਟ ਕੱਢ ਦਿੱਤੇ ਸਨ ਅਤੇ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਦੇ ਵੀਜ਼ਿਆਂ ਉੱਤੇ ਪਾਬੰਦੀ ਲਗਾ ਦਿੱਤੀ ਸੀ। ਜ਼ਿਕਰਯੋਗ ਹੈ ਕਿ ਕੈਨੇਡਾ ਵੱਲੋਂ ਦੋ ਮਹੀਨੇ ਪਹਿਲਾਂ ਇਹ ਦੋਸ਼ ਲਾਇਆ ਗਿਆ ਸੀ ਕਿ ਕੈਨੇਡਾ ਵਿੱਚ ਸਿੱਖ ਵੱਖਵਾਦੀ ਆਗੂ ਦੇ ਕਤਲ ਲਈ ਭਾਰਤ ਸਰਕਾਰ ਜ਼ਿੰਮੇਵਾਰ ਹੈ। ਭਾਰਤ ਅਤੇ ਕਨੇਡਾ ਵਿੱਚਕਾਰ ਡਿਪਲੋਮੈਟਿਕ ਝਗੜਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ ਵਿੱਚ ਕਨੇਡਾ ਦੀ ਪਾਰਲੀਮੈਂਟ ਵਿੱਚ ਖਲੋਕੇ ਇਹ ਆਖਿਆ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਹੈ। ਜ਼ਿਕਰਯੋਗ ਹੈ ਕਿ 45 ਸਾਲ ਇੱਕ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਨੂੰ ਜੂਨ ਮਹੀਨੇ ਵਿੱਚ ਸਰ੍ਹੀ ਦੇ ਗੁਰਦੁਆਰੇ ਦੇ ਬਾਹਰ ਕੁੱਝ ਨਕਾਬਪੋਸ਼ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਇਸ ਤਣਾਅ ਉਪਰੰਤ ਕੈਨੇਡਾ ਨੂੰ ਭਾਰਤ ਵਿੱਚ ਮੌਜੂਦ ਆਪਣੇ 62 ਡਿਪਲੋਮੈਟਸ ਵਿੱਚੋਂ 41 ਨੂੰ ਵਾਪਿਸ ਸੱਦਣਾ ਪਿਆ ਸੀ। ਪਿਛਲੇ ਮਹੀਨੇ, ਭਾਰਤ ਨੇ ਇਨ੍ਹਾਂ ਪਾਬੰਦੀਆਂ ਵਿੱਚ ਰਿਆਇਤ ਦਿੰਦਿਆਂ ਹੋਇਆਂ ਕੈਨੇਡੀਅਨ ਨਾਗਰਿਕਾਂ ਲਈ ਐਂਟਰੀ, ਬਿਜ਼ਨਸ, ਮੈਡੀਕਲ ਤੇ ਕਾਨਫਰੰਸ ਵੀਜ਼ਾ ਸ਼ੁਰੂ ਕਰ ਦਿੱਤੇ ਸਨ।

## ਕੈਲਗਰੀ ਵਿਖੇ ਸਤੰਬਰ ਮਹੀਨੇ ਹੋਈ ਝੜਪ ਵਿੱਚ 21 ਵਿਅਕਤੀਆਂ ਨੂੰ 47 ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਸ਼ਹਿਰ ਦੇ ਨਾਰਥ ਈਸਟ ਵਿੱਚ ਸਤੰਬਰ ਦੇ ਪਹਿਲੇ ਹਫਤੇ ਹੋਈ ਹਿੰਸਕ ਝੜਪ ਵਿੱਚ ਸ਼ਾਮਿਲ ਹੋਣ ਵਾਲੇ ਹੋਰ ਵਿਅਕਤੀਆਂ ਨੂੰ ਹੁਣ ਚਾਰਜ ਕੀਤਾ ਗਿਆ ਹੈ। ਵਰਨਣਯੋਗ ਹੈ ਕਿ 2 ਸਤੰਬਰ 2023 ਵਾਲੇ ਦਿਨ ਸਨੀਵਾਰ ਨੂੰ,ਫਾਲਕੋਨਰਿਜ ਦਾ ਏਰੀਆ ਇੱਕ ਹਿੰਸਕ ਵਾਰਦਾਤ ਦੀ ਮਾਰ ਹੇਠ ਉਦੋਂ ਆਇਆ ਜਦੋਂ ਦੋ ਗਰੁੱਪਾਂ ਦਾ ਆਪਸੀ ਟਕਰਾਅ ਹੋ ਗਿਆ ਸੀ। ਉਸ ਦਿਨ ਸ਼ਾਮ ਕਰੀਬ 5 ਵਜੇ , ਮੈਕਨਾਈਟ ਬੁਲੇਵਾਰਡ ਅਤੇ ਫਾਲਕਨਰਿਜ ਕ੍ਰੈਸੈਂਟ ਵਿਖੇ ਇੱਕ ਘਟਨਾ ਦੀਆਂ ਰਿਪੋਰਟਾਂ ਮਿਲਣ ਉਪਰੰਤ ਪੁਲਿਸ ਉੱਥੇ ਪੁੱਜੀ ਤਾਂ, ਇਸ ਟਕਰਾਅ ਵਿੱਚ ਤਕਰੀਬਨ 150 ਵਿਅਕਤੀ ਸ਼ਾਮਿਲ ਸਨ, ਜਿਨ੍ਹਾਂ ਵਿੱਚੋਂ ਬਹੁਤਿਆਂ ਕੋਲ ਹਥਿਆਰ ਸਨ।ਘਟਨਾ ਵਾਪਰਣ ਉਪਰੰਤ ਇੱਕ ਪ੍ਰੈਸ ਕਾਨਫਰੰਸ ਵਿੱਚ, ਕੈਲਗਰੀ ਪੁਲਿਸ ਸਰਵਿਸ ਦੇ ਮੁਖੀ ਮਾਰਕ ਨਿਊਫੀਲਡ ਨੇ ਕਿਹਾ ਸੀ ਕਿ ਇਹ ਘਟਨਾ " ਸਾਡੇ ਸ਼ਹਿਰ ਵਿੱਚ ਵਾਪਰਨ ਵਾਲੀ ਸਭ ਤੋਂ ਵੱਡੀ ਹਿੰਸਕ ਘਟਨਾ" ਹੈ । ਪੁਲਿਸ ਦਾ ਕਹਿਣਾ ਹੈ ਕਿ ਲੋਕਾਂ ਦੁਆਰਾ ਦਿੱਤੀ ਗਈ ਜਾਣਕਾਰੀ ਅਤੇ ਘਟਨਾ ਤੋਂ ਬਾਅਦ ਗਠਿਤ ਜਾਂਚ ਟਾਸਕ ਫੋਰਸ ਦੇ ਯਤਨਾਂ ਦੇ ਜ਼ਰੀਏ, 21 ਵਿਅਕਤੀਆਂ ਨੂੰ ਹੁਣ ਤੱਕ 47 ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਜਾਂਚਕਰਤਾਵਾਂ ਨੇ ਕਿਹਾ ਕਿ ਇਸ ਘਟਨਾ ਦੇ ਸਬੰਧ ਵਿੱਚ 10 ਹੋਰ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ।




# ਇਹ ਉਸ ਵੇਲੇ ਦੀ ਗੱਲ ਹੈ

ਜਦੋਂ ਪਹਿਲੀ ਵਾਰ ਪੰਜਾਬੀ ਸੰਗੀਤ ਹੱਦਾਂ ਬੰਨੇ ਤੋੜ ਰਤੀਏ ਤੇ ਅੰਬਾਲੇ ਦੀਆਂ ਹੱਦਾਂ ਟੱਪ ਦਿੱਲੀ, ਮੁੰਬਈ, ਸਿਡਨੀ, ਮੈਲਬੋਰਨ, ਨਿਊਯਾਰਕ ਤੇ ਲੰਡਨ ਤੱਕ ਪੁੱਜ ਗਿਆ। ਬੱਸ ਇਹ ਸਬੱਬ ਹੀ ਸੀ ਕਿ ਪੰਜਾਬੀ ਦੀ ਇੱਕ ਸਤਰ "ਤੂਤਕ ਤੂਤਕ ਤੂਤੀਆਂ" ਨੇ ਦੇਸੀ ਆਵਾਜ਼ ਤੇ ਸੁਖਵਿੰਦਰ ਤੇ ਧੀਰਜ ਕੁਮਾਰ ਦੇ ਪੱਛਮੀਂ ਸੰਗੀਤ ਦੇ ਸੁਮੇਲ ਨਾਲ




ਦੁਨੀਆਂ ਭਰ ਵਿੱਚ ਵਸਦੇ ਪੰਜਾਬੀ, ਗੈਰ ਪੰਜਾਬੀ, ਸਮੇਤ ਗੋਰੇ ਵੀ ਨੱਚਾ ਦਿੱਤੇ।

ਤੇ ਪੰਜਾਬੀ ਸੰਗੀਤ ਦੇ ਅੰਬਰ ਤੇ"ਮਲਕੀਤ ਸਿੰਘ "ਇੱਕ ਸਿਤਾਰਾ ਬਣ ਕੇ ਚਮਕ ਗਿਆ। ਉਸ ਤੋਂ ਬਾਅਦ ਤਾਂ ਮਲਕੀਤ ਦੀਆਂ ਅਨੇਕਾਂ ਹੀ ਐਲਬਮਾਂ ਭਾਰਤ, ਤੇ ਲੰਡਨ ਵਿੱਚ ਰਿਕਾਰਡ ਵੀ ਹੋਈਆਂ ਤੇ ਹਿੱਟ ਵੀ ਹੋਈਆਂ। ਭਾਰਤ ਵਿੱਚ ਉਸ ਵੇਲੇ ਪੰਜਾਬੀ ਸੰਗੀਤਕਾਰਾਂ ਚੋਂ ਸਭ ਤੋਂ ਵੱਡਾ ਸੰਗੀਤਕਾਰ "ਚਰਨਜੀਤ ਆਹੂਜਾ" ਸੀ ਜੋ ਏ.ਐਸ ਕੰਗ, ਗੁਰਦਾਸ ਮਾਨ ਸਮੇਤ ਪੰਜਾਬ ਦੇ ਅਨੇਕਾਂ ਈ ਗਾਇਕਾਂ ਲਈ ਸੰਗੀਤ ਤਿਆਰ ਕਰ ਚੁੱਕੇ ਸੀ। ਮਲਕੀਤ ਸਿੰਘ ਨੇ ਵੀ ਚਰਨਜੀਤ ਆਹੂਜਾ ਦੇ ਸੰਗੀਤ ਵਿੱਚ ਕਈ ਐਲਬਮਾਂ ਰਿਕਾਰਡ ਕਰਵਾਈਆਂ। ਚਰਨਜੀਤ ਆਹੂਜਾ ਵਧੀਆ ਸੰਗੀਤਕਾਰ ਦੇ ਨਾਲ ਨਾਲ ਗੀਤਾਂ ਦਾ ਵੀ ਬਹੁਤ ਵਧੀਆ ਚੋਣਕਾਰ ਹੈ।

ਇਸੇ ਸਮੇਂ ਦੌਰਾਨ ਕਨੇਡਾ ਤੋਂ ਇੱਕ ਹੋਰ ਨਵਾਂ ਕਲਾਕਾਰ ਆਇਆ ਜੋ ਸੰਸਾਰ ਪ੍ਰਸਿੱਧ ਕੰਪਨੀ ਐਚ ਐਮ ਵੀ 'ਚ ਆਪਣਾ ਇੱਕ ਐਲ ਪੀ ਰਿਕਾਰਡ ਕਰਵਾ ਚੁੱਕਾ ਸੀ ਤੇ ਉਹ ਰਿਕਾਰਡ ਫਲਾਪ ਹੋ ਗਿਆ ਸੀ, ਉਸਤੋਂ ਬਾਅਦ ਕਨੇਡਾ ਨਿਵਾਸੀ ਇਕਬਾਲ ਮਾਹਲ ਦੇ ਕਹਿਣ ਤੇ ਚਰਨਜੀਤ ਆਹੂਜਾ ਨੇ ਉਸ ਕਲਾਕਾਰ ਦੀ ਇੱਕ ਐਲਬਮ ਕੀਤੀ। ਇਤਫਾਕ ਕਿ ਉਹ ਐਲਬਮ ਵੀ ਫਲਾਪ ਈ ਰਹੀ, ਤੇ ਆਹੂਜਾ ਸਾਹਿਬ ਉਸਦੀ ਅਗਲੀ ਐਲਬਮ ਦੀ ਤਿਆਰੀ ਕਰ ਰਹੇ ਸਨ।

ਚਰਨਜੀਤ ਆਹੂਜਾ ਨੂੰ ਗੀਤਕਾਰ ਦਵਿੰਦਰ ਖੰਨੇ ਵਾਲੇ ਨੇ ਪ੍ਰਦੇਸੀਆਂ ਦੇ ਜਜ਼ਬਾਤਾਂ ਦੀ ਤਰਜਮਾਨੀ ਕਰਦਾ ਇੱਕ ਗੀਤ ਦਿੱਤਾ।

ਆਹੂਜਾ ਸਾਹਿਬ ਉਸ ਗੀਤ ਨੂੰ ਮਲਕੀਤ ਸਿੰਘ ਦੀ ਆਵਾਜ਼ ਵਿੱਚ ਰਿਕਾਰਡ ਕਰਨਾ ਚਾਹੁੰਦੇ ਸਨ। ਮਲਕੀਤ ਨੇ ਆਹੂਜਾ ਸਾਹਿਬ ਨਾਲ ਉਸ ਗੀਤ ਲਈ ਰਿਹਰਸਲ ਕੀਤੀ ਪਰ ਮਲਕੀਤ ਨੂੰ ਓਹ ਗੀਤ ਜਚਿਆ ਨਹੀਂ। ਮੁੱਕਦੀ ਗੱਲ ਮਲਕੀਤ ਸਿੰਘ ਉਹ ਗੀਤ ਰਿਕਾਰਡ ਕਰਨ ਤੋਂ ਜੁਆਬ ਦੇ ਗਿਆ ਕਿਉਂਕਿ ਉਸਨੂੰ ਗੀਤ ਪਸੰਦ ਈ ਸੀ ਨਹੀਂ ਆਇਆ।




ਆਹੂਜਾ ਸਾਹਿਬ ਨੇ ਜੋ ਕਲਾਕਾਰ ਉਹਨਾਂ ਕੋਲ ਕਨੇਡਾ ਤੋਂ ਆਇਆ ਹੋਇਆ ਸੀ, ਉਹੀ ਗੀਤ ਉਸ ਕਲਾਕਾਰ ਦੀ ਅਗਲੀ ਐਲਬਮ ਲਈ ਰਿਕਾਰਡ ਕੀਤਾ ਤੇ ਐਲਬਮ ਦਾ ਟਾਈਟਲ ਵੀ ਉਹੀ ਗੀਤ ਬਣਿਆਂ ਤੇ ਰਾਤੋ ਰਾਤ ਸੁਪਰ ਹਿੱਟ ਹੋ ਗਿਆ।

ਹਿੱਟ ਹੋਣ ਤੋਂ ਬਾਅਦ ਤਾਂ ਸ਼ਾਇਦ ਮਲਕੀਤ ਸਿੰਘ ਨੇ ਵੀ ਸੋਚਿਆ ਹੋਵੇ ਪਰ ਉਸ ਗੀਤ ਨਾਲ ਪੰਜਾਬੀ ਸੰਗੀਤ ਦੇ ਅੰਬਰ ਤੇ ਇੱਕ ਹੋਰ ਚੰਨ ਚੜ੍ਹਿਆ ਜੋ ਅਜੇ ਤੱਕ ਪੰਜਬੀਆਂ ਲਈ ਰੋਸ਼ਨ ਸਿਤਾਰਾ ਹੈ। ਹੁਣ ਤੁਸੀਂ ਸੋਚਦੇ ਹੋਵੋਗੇ ਕਿ ਉਹ ਕਿਹੜਾ ਗੀਤ ਹੈ ਤੇ ਉਹ ਕਿਹੜਾ ਕਲਾਕਾਰ ਹੈ ਜੋ ਪੰਜਾਬੀ ਸੰਗੀਤ ਦੇ ਅੰਬਰ ਤੇ ਛਾਇਆ ਹੋਇਆ ਹੈ।

ਜੀ ਉਹ ਗੀਤ ਹੈ
" ਚਿੱਠੀਏ ਨੀ ਚਿੱਠੀਏ
ਹੰਝੂਆਂ ਨਾਲ ਲਿਖੀਏ "

ਤੇ ਮੇਰਾ ਖਿਆਲ ਐ ਕਲਾਕਾਰ ਦਾ ਨਾਮ ਦੱਸਣ ਦੀ ਜਰੂਰਤ ਨਹੀ, ਉਸਨੂੰ ਅੱਜ ਪੂਰਾ ਪੰਜਾਬੀ ਆਲਮ ਸਤਿਕਾਰ ਸਹਿਤ ਜਾਣਦੈ !

ਪੰਜਾਬ ਪੰਜਾਬੀ ਤੇ ਪੰਜਾਬੀਅਤ ਦਾ ਮੁਦੱਈ ਸਾਫ ਸੁਥਰੀ ਗਾਇਕੀ ਦਾ ਬਾਦਸ਼ਾਹ
" ਹਰਭਜਨ ਮਾਨ "

ਇੱਕ ਗੱਲ ਤਾਂ ਮੈਂ ਦੱਸਣੀ ਭੁੱਲ ਈ ਗਿਆ ਜਿਸ ਦਿਨ ਇਹ ਗੀਤ 23 ਦਿਸੰਬਰ 1992 ਦੀ ਰਾਤ ਨੂੰ ਦੂਰਦਰਸ਼ਨ ਜਲੰਧਰ ਤੋਂ ਟੈਲੀਕਾਸਟ ਹੋਇਆ, ਰਾਤੋ ਰਾਤ ਈ ਪੂਰੇ ਪੰਜਾਬ 'ਚ ਇੱਕ ਤਰਥੱਲੀ ਜਿਹੀ ਪੈ ਗਈ। ਜਲੰਧਰ ਦੂਰਦਰਸ਼ਨ ਦੀ ਰਿਕਾਰਡਿੰਗ ਵੇਲੇ ਹਰਭਜਨ ਮਾਨ ਨਾਲ ਸੰਗੀਤਕਾਰ ਵੱਜੋਂ ਨਿਰਮਲ ਸਿੱਧੂ ਨੇ ਸਾਥ ਨਿਭਾਇਆ ਸੀ ਤੇ ਚਾਰੇ ਪਾਸੇ ਚਿੱਠੀਏ ਨੀ ਚਿੱਠੀਏ ਵਾਲਾ ਹਰਭਜਨ ਮਾਨ, ਹਰਭਜਨ ਮਾਨ ਹੋ ਗਈ।

ਇਹ ਇੱਕ ਈ ਘਟਨਾ ਨਹੀਂ ਇਸ ਤਰ੍ਹਾਂ ਦੀਆਂ ਅਨੇਕਾਂ ਈ ਕਹਾਣੀਆਂ ਹਨ ਜੋ ਮੈਂ ਸਮੇਂ ਸਮੇਂ ਸਿਰ ਤੁਹਾਡੀ ਰੋਚਿਕਤਾ ਲਈ ਤੁਹਾਡੇ ਨਾਲ ਸਾਂਝੀਆਂ ਕਰਦਾ ਰਹਾਂਗਾ

# facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ



ਪਰਮਿੰਦਰ ਸਿੰਘ ਜੰਡਾਲੀ

ਕਨੇਡਾ ਵਰਗੇ ਸਭਿਅਕ ਮੁਲਕ ਚ ਇੱਕ ਦੂਜੇ ਦੇ ਪੈਰ ਮਿੱਧਦੇ,ਵੱਖੀਆਂ ਛਿਲਦੇ,ਟਰੈਫਿਕ ਨਿਯਮਾਂ ਨੂੰ ਛਿਕੇ ਟੰਗ ਦੂਹਾ ਦੂਹ ਭੱਜੀ ਜਾਂਦੇ ਆਪਣੇ ਬੰਦਿਆਂ ਨੂੰ ਵੇਖ ਅਕਸਰ ਈ ਸੋਚਦਾ....ਕਿੱਥੇ ਜਾਣਾ ਚਾਹੁੰਦੇ ਨੇ ਇਹ ਲੋਕ।


ਕੀ ਕੋਈ ਹੋਰ ਸਵਰਗ ਵੇਖਣਾ.. ਅਜੇ ਬਾਕੀ ਹੈ......!

9 ਮਹੀਨਿਆਂ ਦੀ ਜੱਦੋ ਜਹਿਦ ਸੀ ਸਾਡੀ ਬੇਬੇ ਦੀ...ਫੇਰ ਕਿਤੇ ਜਾਕੇ ਸੰਸਾਰ ਦਰਸ਼ਨ ਹੋਏ ਸੀ। 18 ਸਾਲ ਦੀ ਤਪੱਸਿਆ ਲੱਗੀ ਸਰੀਰਕ ਤੌਰ ਤੇ ਤਿਆਰ ਹੋਣ ਨੂੰ...5-7 ਸਾਲ ਹੋਰ ਲੱਗ ਗੇ ਕਾਲਜਾਂ,ਯੂਨੀਵਰਸਿਟੀਆਂ ਚ ਅਕਲ ਲੈਣ ਲਈ... ਅਫਸੋਸ....ਵਿਆਹੇ ਗਏ ਅਗਾਂਹ ਜੁਆਕ ਜੰਮਤੇ...ਪਰ ਸਾਨੂੰ ਅਕਲ ਨੀ ਆਈ। ਜਹਾਜ ਚੜਨ ਵੇਲੇ ਅਸੀਂ ਇਉਂ ਭਾਅ ਦੀ ਮਚਾਉਂਦੇ ਆ ਜਿਵੇਂ ਇਹ ਰੋਡਵੇਜ ਦੀ ਬੱਸ ਹੋਵੇ ਜਿਹੜਾ ਬਹਿ ਗਿਆ ਬੱਸ ਬਹਿ ਗਿਆ....ਬੋਰਡਿੰਗ ਪਾਸ ਥੋਡੇ ਕੋਲ ਆ...ਥੋਡਾ ਸੀਟ ਨੰਬਰ ਲੱਗਾ....ਭੋਰਾ ਸਬਰ ਕਰ ਲੋ....ਅਖੇ ਲੈ ਐ ਕਿਵੇਂ।

ਜਹਾਜ ਚ ਸਮਾਨ ਟਿਕਾਉਣ ਵੇਲੇ ਹਾਲਾਤ ਇਉਂ ਹੁੰਦੇ ਨੇ ....ਜਿਵੇਂ ਜੰਗ ਲੱਗੀ ਹੋਵੇ..ਤੇ ਅਸੀਂ ਫਟਾਫਟ ਸਮਾਨ ਟਿਕਾ ਫਰੰਟ ਤੇ ਲੜਨ ਲਈ ਜਾਣਾ ਹੋਵੇ.....ਜਹਾਜ ਰਨ ਵੇ ਛੱਡ ਅਜੇ ਸਿੱਧਾ ਨੀ ਹੋਇਆ ਹੁੰਦਾ...ਅਗਲੇ ਸੀਟ ਬਿਲਟ ਚੈਕ ਕਰਦੇ ਫਿਰਨਗੇ...ਸਾਡੇ ਆਲਿਆਂ ਦੇ ਪਰੌਂਠਿਆਂ ਦਾ ਡੌ ਫੁਟਿਆ ਹੁੰਦਾ.....ਅਵਾਜ ਆਊ.....ਪਰੌਂਠੇ ਪਾ ਲੇ ਸੀ...ਫਿਰ ਸਮਾਨ ਦੀ ਇਉਂ ਫੋਲਾ ਫਾਲੀ ਕਰਨਗੇ....ਜਿਵੇਂ ਪੰਜਾਬ ਪੁਲਿਸ ਨੇ ਕਿਸੇ ਦਾ ਨੇਫੇ ਆਲੀ ਜੇਬ ਚ ਰੱਖਿਆ ਬਟੂਆ ਬਾਹਰ ਕੱਢਣਾ ਹੋਵੇ॥ਜਹਾਜ ਆਲੇ ਮਿੰਨਤਾਂ ਕਰਦੇ ਫਿਰਨਗੇ....ਸਾਡੇ ਤੇ 20 ਕੁ ਮਿੰਟ ਤਰਸ ਕਰ ਲਉ।ਫੇਰ ਕਰ ਲਿਉ ਜਾਂਚ ਪੜਤਾਲ ....ਜਾਂਹ ਤਾਂ ਟਲ ਜਾਣ...

ਡਾਕਟਰ ਦੇ ਕਲੀਨਿਕ ਚ ਟਿਕਕੇ ਨੀ ਬੈਠਣਾ .. ਬੈਠਿਆਂ ਨੇ ਪੈਰ ਵੱਢੀ ਜਾਣੇ ਆ... ਆਹ ਪਿਛੋਂ ਆਕੇ ਪਹਿਲਾਂ ਦਵਾਈ ਕਿਵੇ ਲੈ ਗਿਆ...ਮੇਰਾ ਨੰਬਰ ਤਾਂ ਪਹਿਲਾਂ ਲਿਆ ਤੀ.....ਮੈਂ ਪੁਛਦੀ ਆਂ ਸੈਕਟਰੀ ਨੂੰ।

ਸਾਰੀ ਉਮਰ ਪਿੰਡ ਦੇ ਝੋਲਾ ਸ਼ਾਪ



ਕੰਪਾਊਂਡਰ ਤੋਂ ਦਵਾਈ ਲੈ ਕੇ ਬੁਖਾਰ ਠੀਕ ਕਰਨ ਵਾਲੇ ਇਹਨਾਂ ਮੁਲਕਾਂ ਦੇ $4 ਡਾਕਟਰਾਂ ਚ ਨੁਕਸ ਕੱਢੀ ਜਾਣਗੇ।

ਅਕਲ ਦਾ ਦੀਵਾਲੀਆਪਣ ਵੇਖੋ..ਕਹਿਣਗੇ...ਅਸੀਂ ਡਾਕਟਰ ਨੂੰ ਦੱਸਿਆ ਕਿਹੜੀ ਦਵਾਈ ਦੇਣੀ ਹੈ ਤਾਂ ਜਾਕੇ ਫਰਕ ਪਿਆ।

ਅਸੀਂ ਫੜਾਂ 3-3 ਘਰਾਂ ਦੀ ਮਾਲਕੀਅਤ ਦੀਆਂ ਮਾਰਨੀਆਂ ਪਰ ਨਵੀਂ ਦੁਕਾਨ ਦੀ ਉਦਘਾਟਨੀ ਸੇਲ ਤੇ ਮੁਫਤ ਆਲੀ ਚੀਜ ਲਈ ਸਾਰਾ ਟੱਬਰ ਬਰਫ ਚ ਕਿਲੋਮੀਟਰ ਲੰਬੀਆਂ ਲਾਈਨਾਂ ਚ ਖੜਾਕੇ ਮੂਹਰੇ ਲੱਗਿਆਂ ਦੀਆਂ ਪੱਗਾਂ ਤੇ ਚੁੰਨੀਆਂ ਲਾਹੁਣ ਦੀ ਕਸਰ ਕੋਈ ਨੀ ਛੱਡਦੇ।

ਸੇਲ ਆਲੇ ਆਟੇ ਦੀ ਬੋਰੀ,ਖੰਡ ਦੇ ਗੱਟੂ ਤੇ ਦੁੱਧ ਦੇ ਥੈਲਿਆਂ ਨੂੰ ਇਉਂ ਟੁੱਟ ਕੇ ਪੈਣਗੇ ਜਿਵੇਂ ਜਮਰੌਦ ਆਲਾ ਕਿਲਾ ਅੱਜ ਫਤਿਹ ਕਰਕੇ ਈ ਮੁੜਨਾ ਹੋਵੇ।ਮਾੜੀ ਗਧੀ ਆਂਗੂ ਲੱਦੀ ਸਮਾਨ ਦੀ ਰੇਹੜੀ ਚੀਕਦ ਮਾਰਦੀ ਮਸਾਂ ਕਾਰ ਤਕ ਅਪੜਦੀ ਆ।

ਕਈ ਤਾਂ ਸਾਰੀ ਗਲੀ ਦੇ ਇਕੱਲੇ ਇਕੱਲੇ ਘਰ ਦੇ,ਘਰ ਦੇ ਮੈਂਬਰਾਂ ਦੇ,ਉਹਨਾਂ ਦੇ ਜੁਆਕਾਂ ਦੇ,ਪਿੱਛੇ ਪਿੰਡ ਦੇ,ਕੰਮਕਾਰ ਦੇ ਅੰਕੜੇ ਇਉਂ ਇਕੱਠੀ ਕਰੀ ਫਿਰਨਗੇ ਜਿਵੇਂ ਪਹਿਲਾਂ ਮਰਦਮ ਸ਼ੁਮਾਰੀ ਆਲੇ ਮਹਿਕਮੇ ਚ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੇ ਰਹੇ ਹੋਣ।

ਗੁਆਂਢੀ ਕਿੰਨੇ ਵਜੇ ਗਿਆ ਜਾਂ ਗਈ...ਕੀਹਦਾ ਕੰਮ ਕਿੰਨੇ ਵਜੇ ਸ਼ੁਰੂ ਹੁੰਦਾ...ਕਿੰਨੇ ਵਜੇ ਖਤਮ....ਅਜ ਕਿਹੜਾ ਪਹਿਲਾਂ ਆ ਗਿਆ....ਇਹਨਾਂ ਦੀ ਅਗਲੀ ਵਿਉਂਤਵੰਦੀ ਕੀ ਆ।

ਇਹਨੂੰ ਅਸੀਂ ਆਪਦੀ ਸਮਾਜਿਕ ਜਿੰਮੇਵਾਰੀ ਸਮਝਦੇ ਹਾਂ।

ਅਸੀਂ ਆਪਦੇ ਵੱਡੇ ਐਕਸ਼ਨ ਗੁਆਂਢੀਆਂ ਜਾਂ ਰਿਸ਼ਤੇਦਾਰਾਂ ਨੂੰ ਵੇਖ ਕੇ ਕਰਦੇ ਹਾਂ..... ਖਾਸ ਕਰ ਕਾਰ ਦੇ ਬਰੈਂਡ ਵਾਲਾ ਤੇ ਵੱਡੇ ਘਰ ਵਾਲਾ....ਕਿਉਂਕਿ ਸਾਡੇ ਲਈ ਅਕਲ ਨਾਲੋਂ ਮੁੱਛ ਜਿਆਦਾ ਮਾਇਨੇ ਰੱਖਦੀ ਹੈ।

ਭਰਾਵੋ..ਮੰਨਿਆ...ਜਿੱਥੋਂ ਅਸੀਂ ਤੁਰੇ ਸੀ ਉੱਥੇ ਜਿੰਦਗੀ ਦੇ ਤੌਰ ਤਰੀਕੇ ਹੋਰ ਸੀ...ਕੋਈ system ਨਹੀਂ ਸੀ.....ਪਰ ਇੱਥੇ ਤਾਂ ਅਜਿਹਾ ਕੁਝ ਵੀ ਨਹੀਂ. ...ਫੇਰ ਇੰਨੀ ਹਫੜਾ ਦਫੜੀ ਤੇ ਆਤਮਾ ਤੇ ਇੰਨਾ ਬੋਝ....ਕਾਹਦੇ ਲਈ...ਸੋਚਿਉ ਜ਼ੂਰ।

# ਜਾਅਲੀ ਡਿਜ਼ੀਟਲ-ਸੰਦੇਸ਼ਾਂ ਤੋਂ ਬਚਣ ਦੀ ਲੋੜ

**ਪ੍ਰੋ. ਕੁਲਬੀਰ ਸਿੰਘ**


ਰੋਜ਼ਾਨਾ ਬਹੁਤ ਸਾਰੇ ਜਾਅਲੀ ਸੰਦੇਸ਼ ਮਿਲਣ ਕਾਰਨ ਲੋਕਾਂ ਦਾ ਡਿਜ਼ੀਟਲ-ਸੰਚਾਰ ਤੋਂ ਵਿਸ਼ਵਾਸ -ਥਿੜਕਣ ਲੱਗਾ ਹੈ। ਲੋਕ ਡਰਨ ਲੱਗੇ ਹਨ ਕਿ ਆਪਣੇ ਆਪਨੂੰ, ਆਪਣੇ ਡਾਟਾ ਨੂੰ ਕਿਵੇਂ ਸੁਰੱਖਿਅਤ ਰੱਖਣਾ ਹੈ। ਚਾਲੀ ਫੀਸਦੀ ਲੋਕਾਂ ਦਾ ਭਰੋਸਾ ਡਗਮਗਾ ਗਿਆ ਹੈ। ਹਰ ਕੋਈ ਡਿਜ਼ੀਟਲ ਖੇਤਰ ਦਾ ਮਾਹਿਰ ਨਹੀਂ ਹੈ, ਹਰ ਕੋਈ ਮੁਹਾਰਤ ਨਹੀਂ ਰੱਖਦਾ।

ਬਹੁਤਿਆਂ ਕੋਲ ਖ਼ੁਦ ਨੂੰ ਸੁਰੱਖਿਅਤ ਰੱਖਣ ਦੀ ਜਾਣਕਾਰੀ ਤੇ ਗਿਆਨ ਵੀ ਨਹੀਂ ਹੈ। ਕੋਈ ਅਜਿਹੇ ਸੰਦੇਸ਼ਾਂ ਨੂੰ ਪੜ੍ਹਦਾ ਹੀ ਨਹੀਂ, ਕੋਈ ਬਲਾਕ ਕਰ ਦਿੰਦਾ ਹੈ ਅਤੇ ਕੋਈ ਰਿਪੋਰਟ ਕਰਦਾ ਹੈ।

ਵਧੇਰੇ ਜਾਅਲੀ ਸੰਦੇਸ਼ ਬੈਂਕ ਅਤੇ ਰੁਜ਼ਗਾਰ ਨਾਲ ਜੁੜੇ ਹੁੰਦੇ ਹਨ। ਦੋਵੇਂ ਖੇਤਰ ਮਹੱਤਵਪੂਰਨ ਤੇ ਜ਼ਰੂਰੀ ਹਨ। ਬੈਂਕ ਪੈਸੇ ਨਾਲ ਜੁੜੇ ਹਨ ਅਤੇ ਰੁਜ਼ਗਾਰ ਨੌਕਰੀ ਨਾਲ। ਇਸ ਲਈ ਬਹੁਤੇ ਲੋਕ ਤੱਤਫਟ ਪ੍ਰਤੀਕਰਮ ਦਿੰਦੇ ਹਨ।

ਬੀਤੇ ਦਿਨੀਂ ਸਾਹਮਣੇ ਆਈ ਇਕ ਰਿਪੋਰਟ ਅਨੁਸਾਰ ਇਕ ਸਰਵੇ ਦੌਰਾਨ 82 ਫੀਸਦੀ ਲੋਕ ਜਾਅਲੀ ਸੰਦੇਸ਼ਾਂ ਨੂੰ ਸਹੀ ਮੰਨ ਬੈਠੇ। ਵੱਡੀ ਗਿਣਤੀ ਭਾਰਤੀਆਂ ਨੇ ਮੰਨਿਆ ਕਿ ਇਨਬਿਨ ਅਸਲੀ ਵਰਗੇ ਹੋਣ ਕਾਰਨ ਜਾਅਲੀ ਸੰਦੇਸ਼ਾਂ ਦੀ ਸ਼ਨਾਖਤ ਕਰਨੀ ਮੁਸ਼ਕਲ ਹੈ। ਅੱਧੇ ਤੋਂ ਵੱਧ ਜਾਅਲੀ ਸੰਦੇਸ਼ ਨੌਕਰੀ ਨਾਲ ਸੰਬੰਧਤ ਹੁੰਦੇ ਹਨ ਅਤੇ 52 ਫੀਸਦੀ ਬੈਂਕ ਅਲਰਟ ਹੁੰਦੇ ਹਨ। ਵਧੇਰੇ ਲੋਕਾਂ ਨੇ ਕਿਹਾ ਕਿ ਜਾਅਲੀ ਸੰਦੇਸ਼ਾਂ ਨੂੰ ਪਹਿਚਾਨਣਾ ਬੜਾ ਮੁਸ਼ਕਲ ਹੋ ਗਿਆ ਹੈ ਅਤੇ ਇਹ ਈ-ਮੇਲ ਜਾਂ ਟੈਕਸਟ ਦੇ ਰੂਪ ਵਿਚ ਆਉਂਦੇ ਹਨ। ਨਤੀਜੇ ਵਜੋਂ ਲੋਕਾਂ ਨੰ ਮਾਨਸਿਕ ਅਤੇ ਮਾਇਕ ਤਣਾਅ ਦਿੰਦੇ ਹਨ।

ਇਨ੍ਹਾਂ ਨੂੰ ਐਨੀ ਮੁਹਾਰਤ ਨਾਲ ਤਿਆਰ ਕੀਤਾ ਜਾਂਦਾ ਹੈ ਕਿ ਅਸਲੀ ਨਕਲੀ ਵਿਚਲਾ ਅੰਤਰ ਮਿਟ ਜਾਂਦਾ ਹੈ। ਨਤੀਜੇ ਵਜੋਂ ਹਰ ਕੋਈ ਡਰਿਆ ਹੋਇਆ ਹੈ ਅਤੇ ਕੋਈ ਵੀ ਸੁਰੱਖਿਅਤ ਨਹੀਂ ਹੈ। ਸਰੱਖਿਅਤ ਰਹਿਣ ਲਈ ਗਿਆਨ ਚਾਹੀਦਾ ਹੈ, ਜਾਣਕਾਰੀ ਚਾਹੀਦੀ ਹੈ, ਮੁਹਾਰਤ ਲੋੜੀਂਦੀ ਹੈ, ਆਪਣੇ ਆਪ @ਤੇ ਭਰੋਸਾ ਚਾਹੀਦਾ ਹੈ, ਚੌਕਸੀ ਦੀ ਲੋੜ ਹੈ। ਆਮ ਆਦਮੀ ਕੋਲ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਹੁੰਦਾ।




ਦਰਅਸਲ ਇਹ ਅਜਿਹੇ ਕੰਪਿਊਟਰ ਦੁਆਰਾ ਤਿਆਰ ਕੀਤੇ ਜਾਂਦੇ ਹਨ ਜਿਸਨੂੰ ਰੋਬੋਟ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਦੀ ਸ਼ਨਾਖਤ ਲਈ ਹੋਰ ਵਿਕਸਤ ਨਕਲੀ ਬੌਧਿਕ ਤਕਨੀਕ ਦੀ ਜ਼ਰੂਰਤ ਹੈ।

**ਡੀਪਫੇਕ ਮਾਮਲਾ**

ਹੁਣ ਅਦਾਕਾਰਾ ਰਸ਼ਮਿਕਾ ਮੰਦਾਨਾ ਦੀ ਜਾਅਲੀ ਡੀਵੀਓ (ਡੀਪਫੇਕ) ਨਾਲ ਹੱਦ ਹੀ ਹੋ ਗਈ ਹੈ। ਡੀਪਫੇਕ ਵੱਡਾ ਖ਼ਤਰਾ ਬਣ ਕੇ ਉੱਭਰ ਰਿਹਾ ਹੈ। ਭਾਵੇਂ ਤਕਨੀਕੀ ਮਾਹਿਰ ਇਸਦੇ ਮੁਕਾਬਲੇ ਲਈ ਲਗਾਤਾਰ ਯਤਨਸ਼ੀਲ ਹਨ ਪਰ ਰਸ਼ਮਿਕਾ ਦੇ ਮਾਮਲੇ ਨੇ ਇਕ ਵਾਰ ਸੱਭ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ।

ਡੀਪਫੇਕ ਤਕਨੀਕ ਤਹਿਤ ਕਿਸੇ ਹੋਰ ਦੇ ਚਿਹਰੇ ਉਪਰ ਕਿਸੇ ਹੋਰ ਦਾ ਚਿਹਰਾ ਲਗਾ ਦਿੱਤਾ ਜਾਂਦਾ ਹੈ ਅਤੇ ਇਤਰਾਜ਼ਯੋਗ ਵੀਡੀਓ ਤਿਆਰ ਕਰ ਲਈ ਜਾਂਦੀ ਹੈ। ਰਸ਼ਮਿਕਾ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਕੇਂਦਰੀ ਮੰਤਰੀ ਨੂੰ ਵੀ ਦਖ਼ਲ ਦੇਣਾ ਪਿਆ ਹੈ। ਅਜਿਹਾ ਮਸ਼ੀਨ ਲਰਨਿੰਗ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ। ਆਮ ਵਿਅਕਤੀ ਨੂੰ ਪਹਿਚਾਨਣ ਵਿਚ ਦਿੱਕਤ ਆਉਂਦੀ ਹੈ ਕਿ ਵੀਡੀਓ ਅਸਲੀ ਹੈ ਜਾਂ ਨਕਲੀ ਪਰੰਤੂ ਇਸ ਖੇਤਰ ਦੇ ਮਾਹਿਰ ਲਈ ਇਹ ਬੜਾ ਅਸਾਨ ਹੈ ਕਿਉਂਕਿ ਰੰਗ ਅਤੇ ਰੌਸ਼ਨੀ ਦਾ ਅੰਤਰ ਹੁੰਦਾ ਹੈ। ਕਈ ਹੋਰ ਗਲਤੀਆਂ ਵੀ ਰਹਿ ਜਾਂਦੀਆਂ ਹਨ। ਮਾਹਿਰ ਮੰਨਦੇ ਹਨ ਕਿ ਜਾਅਲੀ ਵੀਡੀਓ ਤਿਆਰ ਕਰਨਾ ਐਨਾ ਸੁਖ਼ਾਲਾ ਨਹੀਂ, ਪਰ ਐਨਾ ਔਖਾ ਵੀ ਨਹੀਂ। ਤਕਨੀਕ ਨਕਲ ਤਾਂ ਕਰ ਸਕਦੀ ਹੈ ਅਤੇ ਨਕਲ ਕਦੇ ਅਸਲ ਨਹੀਂ ਹੁੰਦੀ। ਇਸ ਲਈ ਰਹਿ ਗਏ ਅੰਤਰ ਕਿਤੇ ਨਾ ਕਿਤੇ ਦਿਸ ਹੀ ਪੈਂਦੇ ਹਨ। ਭਵਿੱਖ ਵਿਚ ਅਜਿਹੀਆਂ ਸਰਗਰਮੀਆਂ ਵਧਣ ਦੇ ਆਸਾਰ ਵੇਖਦਿਆਂ ਬਹੁਤ ਸਾਰੇ ਮੁਲਕਾਂ ਨੇ ਚੌਕਸੀ ਵਧਾ ਦਿੱਤੀ ਹੈ। ਨਿਯਮ-ਕਾਨੂੰਨ ਸਖ਼ਤ ਕਰ ਦਿੱਤੇ ਹਨ। ਚੀਨ, ਇੰਗਲਡ, ਦੱਖਣੀ ਕੋਰੀਆ, ਯੂਰਪੀਅਨ ਯੂਨੀਅਨ ਇਸ ਮਾਮਲੇ ਵਿਚ ਸੱਭ ਤੋਂ ਅੱਗੇ ਹਨ। ਡੀਪਫੇਕ ਦੇ ਵੱਧਦੇ ਰੁਝਾਨ ਦੇ ਮੱਦੇ-ਨਜ਼ਰ ਭਾਰਤ ਨੂੰ ਵੀ ਸਖ਼ਤ ਕਾਨੂੰਨ ਲਿਆਉਣ ਦੀ ਲੋੜ ਹੈ।

ਅਜਿਹਾ ਪਹਿਲੀ ਵਾਰ 2016-17 ਵਿਚ ਹੋਇਆ ਸੀ ਜਦ ਅਮਰੀਕਾ ਦੇ ਬਹੁਤ ਸਾਰੇ ਪ੍ਰਸਿੱਧ ਵਿਅਕਤੀਆਂ ਦੇ ਨਕਲੀ ਵੀਡੀਓ ਸਾਹਮਣੇ ਆਏ ਸਨ।

ਭਾਰਤ ਵਿਚ ਅਜਿਹਾ ਕਰਨ ਵਾਲਿਆਂ ਨੂੰ ਆਈ.ਪੀ.ਐਕਟ 2000 ਦੇ ਆਧਾਰ 'ਤੇ ਇਕ ਲੱਖ ਰੁਪਏ ਜੁਰਮਾਨਾ ਅਤੇ 3 ਸਾਲ ਤੱਕ ਕੈਦ ਹੋ ਸਕਦੀ ਹੈ। ਪੀੜਤ ਵਿਅਕਤੀ ਅਦਾਲਤ ਵਿਚ ਮਾਨਹਾਨੀ ਦਾ ਦਾਅਵਾ ਵੀ ਕਰ ਸਕਦਾ ਹੈ।


ਤਕਨੀਕ ਤੇਜ਼ੀ ਨਾਲ ਬਦਲ ਰਹੀ ਹੈ। ਅਜਿਹੀਆਂ ਚੀਜ਼ਾਂ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਭਵਿੱਖ ਵਿਚ ਅਜਿਹੇ ਖਤਰੇ ਵਧਣ ਦੀ ਸੰਭਾਵਨਾ ਹੈ। ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਆਪੋ ਆਪਣੇ ਹਾਲਾਤ ਅਨੁਸਾਰ ਕਦਮ ਚੁੱਕ ਰਹੀਆਂ ਹਨ। ਬੀਤੇ ਸਾਲਾਂ ਦੌਰਾਨ ਭਾਰਤ ਸਰਕਾਰ ਨੇ ਵੀ ਕਈ ਨਵੇਂ ਨਿਯਮ ਕਾਨੂੰਨ ਲਿਆਂਦੇ ਹਨ ਜਿਨ੍ਹਾਂ ਨਾਲ ਕੁਝ ਫ਼ਰਕ ਵੀ ਪਿਆ ਹੈ। ਪਰੰਤੂ ਨਵੇਂ ਖ਼ਤਰਿਆਂ ਨਾਲ ਨਜਿੱਠਣ ਲਈ ਹੋਰ ਸਖ਼ਤ ਕਦਮ ਉਠਾਉਣ ਦੀ ਲੋੜ ਹੈ ਤਾਂ ਜੋ ਲੋਕਾਂ ਦੀ ਨਿੱਜਤਾ ਅਤੇ ਵਿਸ਼ਵਾਸ ਬਰਕਰਾਰ ਰਹੇ। ਇਹ ਬੇਹੱਦ ਗੰਭੀਰ ਮਾਮਲਾ ਹੈ ਇਸੇ ਲਈ ਦਿੱਲੀ ਪੁਲਿਸ ਤੁਰੰਤ ਹਰਕਤ ਵਿਚ ਆ ਗਈ ਹੈ ਅਤੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ। ਸਰਕਾਰ ਨੇ ਵੀ ਇਸਨੂੰ ਅਤਿ ਗੰਭੀਰਤਾ ਨਾਲ ਲੈਂਦਿਆਂ ਕੁਝ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

# ਉਹ ਵੇਲਾ ਯਾਦ ਕਰ






ਡਾ. ਬਲਵਿੰਦਰ ਕੌਰ ਬਰਾੜ
403 590 9629





















*ਕੁਛ ਰਿਸ਼ਤੋਂ ਮੇਂ ਮੁਨਾਫ਼ਾ ਨਹੀਂ ਹੋਤਾ*
*ਪਰ ਜ਼ਿੰਦਗੀ ਅਮੀਰ ਹੋ ਜਾਤੀ ਹੈ –*
*ਗੁਲਜ਼ਾਰ*

ਸਿਆਣੇ ਆਖਦੇ ਨੇ ਇਹ ਤਨ ਜਿੰਨੀਆਂ ਦੂਰੀਆਂ ਗਾਹ ਆਵੇ, ਉਤਨਾ ਹੀ ਤੰਦਰੁਸਤ ਹੋ ਜਾਂਦਾ ਹੈ। ਪਰਲੇ ਪਾਰ ਵਸਦੀਆਂ ਸਾਂਝਾਂ ਨੂੰ ਸੱਜਰੀਆਂ ਕਰ ਕੇ ਮਨ ਤ੍ਰਿਪਤ ਹੋ ਜਾਂਦਾ ਹੈ, ਕਾਲ਼ਜਾ ਠਰ ਜਾਂਦਾ ਹੈ ਅਤੇ ਮਨ ਦੀਆਂ ਹਨੇਰੀਆਂ ਨੁੱਕਰਾਂ ਵਿੱਚ ਬਾਗਾਂ ਦੇ ਸਾਰੇ ਫੁੱਲ ਆ ਵਿਛਦੇ ਹਨ। ਪਰ ਇਹ ਮਨ ਜਿੰਨਾ ਇੱਕ ਥਾਂ ਟਿਕਿਆ ਰਹੇ ਓਨਾ ਹੀ ਤੰਦਰੁਸਤ ਹੋ ਕੇ ਮੰਜ਼ਿਲ ਪਾ ਲੈਂਦਾ ਹੈ। ਬਸ ਇਸੇ ਦੇ ਆਖੇ ਲੱਗ ਮੈਂ ਮੈਲਬਰਨ ਜਾ ਉੱਤਰੀ ਸੀ। ਦੁਨੀਆਂ ਦੇ ਨਕਸ਼ੇ'ਤੇ ਵੇਖਦਿਆਂ ਧਰਤੀ ਦੇ ਪਰਲੇ ਪਾਸੇ ਵਸੇ ਇਹ ਦੋਵੇਂ ਮੁਲਕ - ਆਸਟ੍ਰੇਲੀਆ ਅਤੇ ਨਿਊਜ਼ੀਲੈਂਡ - ਸੂਰਜ ਦੀਆਂ ਪਹਿਲੀਆਂ ਕਿਰਨਾਂ ਮਾਣਦੇ ਆਏ ਗਏ ਲਈ ਵੀ ਰੌਸ਼ਨੀ ਦੀਆਂ ਝੋਲ਼ੀਆਂ ਭਰ ਕੇ ਆ ਮਿਲਦੇ ਹਨ। ਹਾਲੇ ਮੈਂ ਸਵਾਗਤੀ ਟੀਮ ਬਾਰੇ ਹੀ ਗੱਲ ਤੋਰ ਰਹੀ ਹਾਂ। ਇਹ ਦੁਆਵਾਂ ਵਰਗੇ ਕੁੱਝ ਲੋਕ ਮੇਰੇ ਸਵਾਗਤ ਵਿੱਚ ਆਏ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਨਜ਼ਮਾਂ ਵਰਗੀਆਂ ਕਈ ਅੱਲ੍ਹੜ ਲੜਕੀਆਂ ਅਤੇ ਬਾਂਕੇ ਲੜਕੇ ਮਹਿਕਦੇ ਫੁੱਲਾਂ ਨਾਲ਼ ਮੇਰੇ ਦੁਆਲ਼ੇ ਆ ਜੁੜੇ। ਉਸ ਸਮੇ ਮਰਜ਼ੀ ਜਿੰਨੀ ਖ਼ੁਸ਼ੀ ਕਾਫ਼ੀ ਅਰਸੇ ਬਾਅਦ ਮਹਿਸੂਸ ਕੀਤੀ। ਇਹ ਸਭ ਮੇਰੀ ਸਮਝ ਅਤੇ ਕਿਆਸ ਤੋਂ ਵੱਧ ਹੋਣ ਕਰ ਕੇ ਮੈਂ ਉਨ੍ਹਾਂ ਦਾ ਪਿਆਰ ਅਤੇ ਆਪਣੀ ਔਕਾਤ ਨੂੰ ਮਾਪਣ ਲੱਗੀ। ਕੀ ਮੈਂ ਇਸ ਸਤਿਕਾਰ ਦੇ ਹਾਣ ਦੀ ਵੀ ਹਾਂ। ਮੈਨੂੰ ਇਤਬਾਰ ਨਹੀਂ ਹੋ ਰਿਹਾ ਸੀ ਪਰ ਇਹ ਵਾਪਰ ਰਿਹਾ ਸੀ।

*'ਖ਼ੁਸ਼ੀ ਸੇ ਮਰ ਨ ਜਾਤੇ*
*ਗਰ ਏਤਬਾਰ ਹੋਤਾ।'*

ਜੇ ਮੇਰਾ ਹਾਜ਼ਮਾ ਕਮਜ਼ੋਰ ਹੁੰਦਾ ਤਾਂ ਮੇਰੇ ਪੈਰ ਧਰਤ ਤੋਂ ਥਿੜਕ ਸਕਦੇ ਸਨ। ਮੈਨੂੰ 1991 ਦੀ ਘਟਨਾ ਯਾਦ ਆਈ ਜਦੋਂ ਮੈਨੂੰ ਨਿਊਯਾਰਕ ਤੋਂ ਕੁੱਝ ਲੋਕ ਹਾਰ ਪਾ ਕੇ ਲਿਆਏ ਸਨ। ਮੈਂ ਉਥੇ ਵਸਦੀ ਆਪਣੀ ਸਖੀ ਨੂੰ ਫੋਨ ਕੀਤਾ ਕਿ ਮੈਨੂੰ ਤਾਂ ਪਤਾ ਈ ਨੀਂ ਸੀ ਕਿ ਮੈਂ ਕੋਈ ਚੀਜ਼ ਹਾਂ। ਉਸ ਨੇ ਮੇਰੇ ਪੈਰ ਵਾਪਸ ਧਰਤ ਤੇ ਲਾਏ ਕਿ 'ਤੂੰ ਕੋਈ ਚੀਜ਼ ਨੀਂ, ਇਹ ਤਾਂ ਪੰਜਾਬ ਲਈ ਇਨ੍ਹਾਂ ਦੇ ਸੀਨੇ ਸ਼ੂਕਦਾ ਦਰਿਆ ਹੈ ਜਿਸ ਦੀਆਂ ਛੱਲਾਂ ਤੇਰੇ ਤੱਕ ਜਾ ਪੁੱਜੀਆਂ।' ਮੈਂ ਆਪਣੇ ਵਿਦਿਆਰਥੀਆਂ ਅਤੇ ਚਾਹੁੰਣ ਵਾਲ਼ਿਆਂ ਦੇ ਮੋਹ, ਪਿਆਰ ਨਿੱਘ ਅਤੇ ਅਪਣੱਤ ਬਾਰੇ ਸੋਚਦੀ ਨੇ ਇਹ ਸਿੱਟਾ ਕੱਢਿਆ ਕਿ ਇਸ ਧਰਤ 'ਤੇ ਮਾਪੇ ਹਾਲੇ ਘੱਟ ਅੱਪੜੇ ਹਨ। ਇਹ ਸਭ ਮੇਰੇ ਵਿੱਚੋਂ ਆਪਣੀ ਮਾਂ ਤਲਾਸ਼ਦੇ ਹਨ। ਇਹੀ ਗੱਲ ਜਦੋਂ ਮੈਂ ਆਉਣ ਵੇਲ਼ੇ ਖਾਣਾ ਖਾਂਦਿਆਂ ਆਖੀ ਤਾਂ ਸਾਹਮਣੇ ਬੈਠਾ ਮੁੰਡਾ ਸਭ ਤੋਂ ਚੋਰੀ ਹੰਝੂ ਪੂੰਝਦਾ ਮੈਂ ਦੇਖ ਲਿਆ ਸੀ। ਉਸ ਦੇ ਹੰਝੂ ਅੱਜ ਤੱਕ ਮੇਰੇ ਅੱਖਰਾਂ ਦੀ ਨਮੀ ਵਿੱਚ ਹਨ।

*'ਏਕ ਦਿਨ ਦੇਖੇ ਥੇ ਤੇਰੀ ਆਂਖੋਂ ਮੇਂ ਦੋ ਆਂਸੂ,*
*ਆਜ ਤਕ ਅਪਨੀ ਆਂਖੋਂ ਮੇਂ ਨਮੀ ਮਹਿਸੂਸ ਕਰਤਾ ਹੂੰ।*

ਬਹੁਤ ਜਣੇ ਮੈਨੂੰ ਪਹਿਲੀ ਵਾਰ ਤਪਾਕ ਨਾਲ਼ ਆ ਮਿਲੇ। ਇਸ ਨਾਲ਼ ਮੇਰੇ ਅੰਦਰ ਪਲ਼ਦਾ ਇਹ ਭਰਮ ਖੁਰ ਗਿਆ ਕਿ ਮੈਨੂੰ ਬੱਸ ਮੇਰੀ ਪੀੜ੍ਹੀ ਹੀ ਸੁਣਦੀ ਹੈ। ਵਰਤਮਾਨ ਨੂੰ ਉਧੇੜ ਕੇ ਭਵਿੱਖੀ ਸੁਪਨੇ ਬੁਣਦੀ ਇਹ ਪੀੜੀ ਮੇਰੇ ਵਰਗੇ ਅਸਤ ਹੋ ਰਹੇ ਸੂਰਜ ਤੋਂ ਊਰਜਾ ਦੇ ਕੁੱਝ ਕਣ ਬਟੋਰਨ ਦੀ ਰੀਝ ਰੱਖ ਰਹੀ ਸੀ। ਮੇਰੀ ਵੱਖੀ ਨਾ਼ਲੋਂ ਕਈ ਦਹਾਕੇ ਝੜ ਗਏ ਜਦ ਮੇਰੇ ਅੱਖਰਾਂ ਵਿਚਲਾ ਅਹਿਸਾਸ ਬੋਚਣ ਵਾਲ਼ੀ ਪੀੜ੍ਹੀ ਮੇਰੇ ਗਲ਼ ਆ ਮਿਲੀ। ਹੰਢ ਰਹੇ ਰਿਸ਼ਤਿਆਂ ਵਿਚਲਾ ਜੰਗਾਲ ਉਤਰ ਗਿਆ। ਮੁਹੱਬਤ ਸ਼ਬਦਾਂ ਰਿਸ਼ਤਿਆਂ ਦਾ ਨਾਮ ਨਹੀਂ, ਉਮਰ, ਰੁਤਬਾ, ਨਸਲ ਜਾਂ ਧਰਮਾਂ ਦੀਆਂ ਵਲਗਣਾਂ ਤੋਂ ਘਰ ਦਾ ਰਿਸ਼ਤਾ ਉਸਾਰਦੇ ਇਹ ਗੀਤਾਂ ਵਰਗੇ ਲੋਕ ਮੇਰੇ ਹੌਸਲੇ ਲਈ ਪੁਨਰ ਜਨਮ ਸਨ। ਉਨ੍ਹਾਂ ਦੇ ਹੱਥਾਂ ਵਿੱਚ ਫੜੇ ਫੁੱਲਾਂ ਦੀਆਂ ਸਭ ਪੰਖੜੀਆਂ ਸ਼ੁਕਰਗੁਜ਼ਾਰ ਹੋ ਕੇ ਮੇਰੀਆਂ ਸੱਧਰਾਂ ਦੇ ਪੈਰੀਂ ਆ ਵਿਛੀਆਂ ਸਨ। ਮੈਂ ਮਾਣ ਮਹਿਸੂਸ ਕਰਦੀ ਰਹੀ ਜਿਵੇਂ ਪੁੰਨ ਖਾਤੇ ਕੁੱਝ ਕਮਾ ਰਹੀ ਹੋਵਾਂ। ਉਨ੍ਹਾਂ ਸਭ ਨੇ ਮੇਰੀ ਸ਼ਕਲ, ਮੇਰੇ ਪਹਿਰਨ ਨੂੰ ਨਜ਼ਰਅੰਦਾਜ਼ ਕਰ ਬੱਸ ਬੋਲਾਂ ਦੀ ਤਰਜ਼ ਜਾ ਚੁਣੀ ਸੀ। ਅਸਲ ਵਿੱਚ ਉਨ੍ਹਾਂ ਦੇ ਸੀਨੇ ਵਿਛੇ ਮਾਰੂਥਲ 'ਤੇ ਮੇਰੇ ਬੋਲਾਂ ਨੇ ਮਲ੍ਹਮ ਦਾ ਕੰਮ ਕਰ ਰੱਖਿਆ ਸੀ। ਮੇਰੇ ਬੋਲ ਹੀ ਕਿਸੇ ਦੇ ਅਹਿਸਾਸ ਦਾ ਸਿਰ ਪਲੋਸਦੇ ਲੱਗੇ। ਟਿਕ-ਟੌਕ ਨੇ ਮੇਰੀਆਂ ਤੰਦਾਂ ਕਿੱਥੇ ਜਾ ਜੋੜੀਆਂ ਸਨ। ਮੈਂ ਉਨ੍ਹਾਂ ਅੰਦਰ ਪਸਰੀ ਇਕੱਲ ਅਤੇ ਅੰਦਰਲੇ ਸੱਖਣ ਨੂੰ ਪੂਰਨ ਦਾ ਹੀਲਾ ਹੋ ਗਈ ਸੀ। ਮੇਰੇ ਬੋਲਾਂ ਦੀ ਤਰਜ਼ ਅਤੇ ਉਨ੍ਹਾਂ ਅੰਦਰ ਕਲਵਲ ਹੁੰਦੇ ਅਰਮਾਨਾਂ ਦੀ ਨਬਜ਼ ਹਾਣੋ-ਹਾਣ ਹੋ ਗਏ ਜਾਪੇ। ਉਨ੍ਹਾਂ ਸਭ ਦੇ ਆਪਣਿਆਂ ਤੋਂ ਵਿਛੜਨ ਦੀ ਕਸਕ ਨੇ ਜਿਵੇਂ ਟਸ ਟਸ ਕਰਦੇ ਛਾਲੇ ਪਾ ਦਿੱਤੇ ਹੋਣ ਤੇ ਮੇਰੇ ਬੋਲਾਂ ਨੇ ਠੰਡੇ ਪਾਣੀ ਦਾ ਤਰੌਂਕਾ ਜਾ ਛਿੜਕਿਆ ਹੋਵੇ। ਇਸੇ ਲਈ ਮੇਰੀ ਗੈਰਮੌਜੂਦਗੀ ਵਿੱਚ ਵੀ ਮੈਂ ਉੱਥੇ ਮੌਜੂਦ ਰਹੀ ਹਾਂ। ਇੰਨੀ ਮੁਹੱਬਤ ਨਾ਼ਲ ਮਨ ਦੇ ਕੱਚੇ ਕੋਠੇ ਵਿਚਲੇ ਸਭ ਲਿ?ੜ ਭਰ ਗਏ, ਇੱਕ ਵਾਰੀ ਸਭ ਲਿੱਪੇ ਗਏ। ਵਾਹਿਗੁਰੂ ਉਨ੍ਹਾਂ ਸਭ ਮਨਾਂ ਅੰਦਰ ਪਲ਼ਦੀ ਇਸ ਸੁੱਚੀ ਇਬਾਰਤ ਨੂੰ ਕਾਇਮ ਰੱਖੇ ਤੇ ਮੈਨੂੰ ਵੀ ਉਨ੍ਹਾਂ ਦੇ ਨਿੱਘ ਦੇ ਹਾਣ ਦੀ ਹੋ ਜਾਣ ਦਾ ਬਲ ਬਖ਼ਸ਼ੇ।

*ਹੋਣ ਦਿੰਦੇ ਨਾ ਜੁਦਾ,*
*ਐਸੇ ਵੀ ਹੁੰਦੇ ਫਾਸਲੇ*
*ਉਮਰ ਭਰ ਨਾ ਸਾਥ ਛੱਡਣ*
*ਇਸ ਤਰ੍ਹਾਂ ਦੇ ਹਾਦਸੇ।*
*– (ਅਜੈ ਤਨਵੀਰ)*




# ਯੂਰਿਕ ਏਸਿਡ ਦਾ ਰੋਗ ਗਾਊਟ



ਡਾ. ਮਨਜੀਤ ਸਿੰਘ ਬੱਲ
9872843491






ਪਿਛਲੇ ਕੁਝ ਸਾਲਾਂ ਤੋਂ ਯੂਰਿਕ ਏਸਿਡ (ਗਾਊਟ) ਦੇ ਮਰੀਜ਼ਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਹੈ, ਜੋ ਆਮ ਜਨਤਾ ਜੀਵਨ ਕਾਲ ਵਿਚ ਵਾਧੇ, ਰਿਸਕ ਫੈਕਟਰਜ਼ ਤੇ ਖਾਣ ਪੀਣ ਦੀਆ ਵਸਤਾਂ ਵਿਚ ਤਬਦੀਲੀਆਂ ਕਰਕੇ ਹੋਇਆ ਹੈ।'ਗਾਊਟ' ਸ਼ਬਦ ਦਾ ਇਸਤਮਾਲ, ਸਭ ਤੋਂ ਪਹਿਲਾਂ 1200 ਏ. ਡੀ. ਵਿਚ ਰੈਂਡੋਲਫਸ ਨੇ ਕੀਤਾ ਸੀ।ਇਹ ਲਾਤੀਨੀ ਭਾਸ਼ਾ ਦਾ ਇਕ ਸ਼ਬਦ ਹੈ ਜਿਸ ਦਾ ਮਤਲਬ ਹੈ 'ਤੁਬਕਾ'।

ਸੰਨ 1683 ਵਿਚ ਡਾ. ਥੌਮਸ ਨੇ ਆਪਣੀ ਖੋਜ ਦੇ ਆਧਾਰ'ਤੇ ਦੱਸਿਆ ਸੀ ਕਿ ਇਸ ਰੋਗ ਦੀ ਸਮੱਸਿਆ ਮਰਦਾਂ ਵਿਚ ਵਧੇਰੇ ਹੁੰਦੀ ਹੈ।ਇਹਦੀ ਦਰਦ, ਅੱਧੀ ਰਾਤ ਤੋਂ ਬਾਅਦ ਸ਼ੁਰੂ ਹੁੰਦੀ ਹੈ।ਗਾਊਟ ਦੇ 75 % ਤੋਂ ਵਧੇਰੇ ਕੇਸਾਂ ਵਿਚ ਪੈਰ ਦੇ ਅੰਗੂਠਾ ਹੀ ਬਲੀ ਦਾ ਬੱਕਰਾ ਬਣਦਾ ਹੈ।ਕਈ ਵਾਰ ਇੰਜ ਵੀ ਵੇਖਿਆ ਗਿਆ ਹੈ ਕਿ ਬੰਦਾ, ਰਾਤ ਨੂੰ ਠੀਕ-ਠਾਕ ਸੌਂਦਾ ਹੈ, ਦੋ ਢਾਈ ਵਜੇ ਪੈਰ ਦੇ ਅੰਗੂਠੇ ਜਾਂ ਅੱਡੀ ਵਿਚ ਐਸੀ ਪੀੜ ਸ਼ੁਰੂ ਹੁੰਦੀ ਕਿ ਨੀਂਦ ਹਰਾਮ ਹੋ ਜਾਂਦੀ ਹੈ।ਦਰਦ ਇਦਾਂ ਹੁੰਦੀ ਹੈ ਕਿ ਜਿੱਦਾਂ ਕੋਈ ਹੱਡੀ ਟੁੱਟ ਗਈ ਹੋਵੇ ਜਾਂ ਕੋਈ ਜੋੜ ਨਿਕਲ ਗਿਆ ਹੋਵੇ।ਰਾਤ ਬੜੇ ਤਸੀਹਿਆ ਵਿਚ ਲੰਘਦੀ ਹੈ।ਸਾਰਾ ਸਰੀਰ ਕੰਬਣ ਲਗਦਾ ਹੈ ਥੋੜ੍ਹਾ ਜਿਹਾ ਬੁਖ਼ਾਰ ਵੀ ਹੋ ਜਾਂਦਾ ਹੈ ਤੇ ਪੱਖੇ ਦੀ ਹਵਾ ਵੀ ਦਰਦ ਨੂੰ ਵਧਾਉਂਦੀ ਹੈ।ਪੈਰ ਨੂੰ ਚਾਦਰ ਜਾਂ ਖੇਸ ਨਾਲ ਕੱਜਣ ਵੇਲੇ ਜਾਂ ਪੈਂਟ/ਪਜਾਮਾ ਪਾਉਣ ਵੇਲੇ, ਕਪੜੇ ਦੀ ਛੋਹ ਨਾਲ ਹੀ ਇਦਾਂ ਲੱਗਦਾ ਹੈ ਜਿਵੇਂ ਛੁਰੀ ਵੱਜ ਗਈ ਹੋਵੇ।

ਗਾਊਟ ਜੋੜਾਂ ਦੀ ਇਕ ਐਸੀ ਮੈਡੀਕਲ ਸਥਿਤੀ ਹੈ ਜਿਸ ਵਿਚ ਜੋੜਾਂ 'ਚ ਅਸਹਿ ਦਰਦ, ਸੋਜ ਤੇ ਲਾਲਗੀ ਆ ਜਾਂਦੀ ਹੈ ਤੇ ਉਸ ਜਗ੍ਹਾ ਦੇ ਦੁਆਲੇ ਦਾ ਤਾਪਮਾਨ ਵੀ ਵਧ ਜਾਂਦਾ ਹੈ।ਜਦ ਇਸ ਦਰਦ ਦਾ ਦੌਰਾ ਪੈਂਦਾ ਹੈ ਤਾਂ ਸੁੱਜੇ ਹੋਏ ਜੋੜ ਵਿਚ ਛੁਰੀਆਂ ਵੱਜਣ ਵਰਗੀ ਪੀੜ ਮਹਿਸੂਸ ਹੁੰਦੀ ਹੈ।ਕਈ ਰੋਗੀ ਗੁਰਦੇ ਦੀਆਂ ਪੱਥਰੀਆਂ (ਯੂਰਿਕ ਏਸਿਡ ਸਟੋਨ) ਜਾਂ 'ਯੂਰੇਟ ਨੈਫਰੋਪੈਥੀ' ਨਾਲ ਆਉਂਦੇ ਹਨ।ਇਹ ਰੋਗ, ਖ਼ੂਨ ਵਿਚ ਯੂਰਿਕ ਏਸਿਡ ਦਾ ਪੱਧਰ ਵਧਣ ਨਾਲ ਹੁੰਦਾ ਹੈ।ਸਧਾਰਣ ਵਿਅਕਤੀ ਦੇ ਯੂਰਿਕ ਏਸਿਡ ਦਾ ਪੱਧਰ 3.5 ਤੋਂ 7 ਮਿਲੀਗ੍ਰਾਮ ਪ੍ਰਤੀਸ਼ਤ ਹੁੰਦਾ ਹੈ (ਯਾਨੀ ਕਿ 100 ਮਿਲੀ ਲੀਟਰ ਖ਼ੂਨ ਵਿਚ 3.5 ਤੋਂ 7 ਮਿਲੀਗ੍ਰਾਮ)।ਇਹ ਪੱਧਰ ਵਧ ਜਾਵੇ ਤਾਂ ਇਸ ਨੂੰ 'ਹਾਈਪਰ ਯੂਰੀਸੀਮੀਆਂ' ਕਿਹਾ ਜਾਂਦਾ ਹੈ (ਉਵੇਂ ਹੀ ਜਿਵੇਂ ਸ਼ੂਗਰ ਰੋਗ ਵਿਚ ਸ਼ੂਗਰ ਦਾ ਲੈਵਲ ਵਧ ਜਾਵੇ ਤਾਂ ਉਸ ਨੂੰ 'ਹਾਈਪਰ ਗਲਾਈਸੀਮੀਆਂ' ਕਹਿੰਦੇ ਹਨ) ਖ਼ੂਨ ਵਿਚ ਵਧਿਆ ਹੋਇਆ ਯੂਰਿਕ ਏਸਿਡ, ਜੋੜਾਂ ਤੇ ਨਾਲ ਲਗਦੇ ਪੱਠਿਆਂ ਵਿਚ ਕਿਣਕਿਆਂ ਵਾਂਗ ਜੰਮ ਜਾਂਦਾ ਹੈ।ਵਿਗਿਆਨੀ ਖੋਜਕਾਰ ਐਨਟਨੀ ਵੇਨ ਨੇ 1679 ਵਿਚ ਮਾਸ ਪੇਸ਼ੀਆਂ ਤੇ ਜੋੜਾਂ ਵਿਚ ਖ਼ੁਰਦਬੀਨ ਰਾਹੀਂ ਯੂਰਿਕ ਏਸਿਡ ਦੇ ਕਿਣਕੇ (ਕ੍ਰਿਸਟਲ) ਦਰਸਾਏ ਸਨ।ਇਸੇ ਨਾਲ ਹੀ ਸਾਰੇ ਪੰਗੇ ਪੈਂਦੇ ਹਨ।

ਇਸ ਵਾਧੇ ਦੇ ਕਈ ਕਾਰਣ ਹਨ ਜਿਵੇਂ: ਜੈਨੇਟਿਕ, ਪਰਿਵਾਰਿਕ ਪਿੱਠ-ਭੂਮੀ, ਮੋਟਾਪਾ, ਗੁਰਦਾ ਰੋਗ ਜਿਹਦੇ ਵਿਚ ਯੂਰਿਕ ਏਸਿਡ ਦੀ ਸਹੀ ਕਲੀਅਰੈਂਸ ਨਹੀਂ ਹੁੰਦੀ (ਰੀਨਲ ਇਨਸਫੀਸ਼ੀਐਂਸੀ), ਹਾਈ ਬੱਲਡ ਪ੍ਰੈਸ਼ਰ, ਸ਼ਰਾਬ ਦਾ ਵਧੇਰੇ ਸੇਵਨ।ਭੋਜਨ ਵਿਚ 'ਪਿਊਰੀਨਜ਼' ਦਾ ਵਧੇਰੇ ਹੋਣਾ, ਹਾਈਪਰ ਯੂਰੀਸੀਮੀਆਂ ਦਾ ਕਾਰਣ ਬਣਦਾ ਹੈ।ਹਾਈ ਪਿਊਰੀਨ ਵਾਲੇ ਭੋਜਨ ਹਨ-ਬੱਕਰੇ, ਭੇਡੂ ਵਗ਼ੈਰਾ ਦਾ ਰੈੱਡ ਮੀਟ (ਮੱਟਨ), ਮਾਂਹ, ਰਾਜ ਮਾਂਹ, ਪਾਲਕ, ਮੇਥੀ, ਟਮਾਟਰ, ਛਿੱਲੜ ਵਾਲੀਆਂ ਦਾਲਾਂ, ਵਧੇਰੈ ਸ਼ਰਾਬ, ਵਧੇਰੇ ਪ੍ਰੋਟੀਨਜ਼ ਵਾਲੇ ਭੋਜਨ (ਪਨੀਰ) ਆਦਿ।ਭਾਵੇਂ ਕੁਝ ਨਵੇਂ ਅਧਿਐਨਾਂ ਮੁਤਾਬਿਕ ਵਧੇਰੇ ਪ੍ਰਹੇਜ਼ ਲੋੜੀਂਦੇ ਨਹੀਂ, ਫਿਰ ਵੀ ਸ਼ਰਾਬ ਦੇ ਵੱਡੇ ਤੇ ਵਧੇਰੇ ਪੈੱਗ ਤੇ ਰੈੱਡ ਮੀਟ ਤੋਂ ਪ੍ਰਹੇਜ਼ ਤੇ ਸ੍ਰੀਰ ਦਾ ਭਾਰ ਕੰਟਰੋਲ ਵਿਚ ਰੱਖਣਾ ਬਹੁਤ ਜ਼ਰੂਰੀ ਹੈ।ਮੇਰੇ ਨਿਜੀ ਤਜਰੁਬੇ ਅਨੁਸਾਰ ਬਰਸਾਤਾਂ ਜਾਂ ਸਲ੍ਹਾਬੇ ਵਾਲੇ ਮੌਸਮ ਵਿਚ ਗਾਊਟ ਦੇ ਜ਼ਿਆਦਾ ਦੌਰੇ ਪੈਂਦੇ ਹਨ।ਵਰਤ ਰੱਖਣ ਜਾਂ ਭੁੱਖੇ ਰਹਿਣ ਨਾਲ ਵੀ ਪਿਊਰੀਨਜ਼ ਵਧ ਜਾਂਦੀਆਂ ਹਨ ਤੇ ਯੂਰਿਕ ਏਸਿਡ ਵਧ ਜਾਂਦਾ ਹੈ।ਔਰਤਾਂ ਵਿਚ ਹਾਇਪਰ ਯੂਰੀਸੀਮੀਆਂ ਹੋਣ ਦੇ ਬਾਵਜੂਦ ਵੀ ਵੀ ਕਈ ਵਾਰ ਟਿਪੀਕਲ ਗਾਊਟ ਦੀ ਦਰਦ ਦਾ ਦੌਰਾ ਨਹੀਂ ਪੈਂਦਾ, ਉਂਜ ਜੋੜਾਂ ਵਿਚ ਦਰਦਾਂ ਰਹਿੰਦੀਆਂ ਹਨ, ਪਰ ਗੁਰਦਿਆਂ (ਕਿਡਨੀਆਂ) ਵਿਚ ਪਥਰੀਆਂ ਬਣ ਜਾਂਦੀਆਂ ਹਨ ਜੋ ਇਹਨਾਂ ਨੂੰ ਖ਼ਰਾਬ ਕਰ ਦੇਂਦੀਆਂ ਹਨ।

ਜਾਂਚ / ਇਨਵੈਸਟੀਗੇਸ਼ਨਜ਼: ਮਰੀਜ਼ ਦਾ ਨਿਰੀਖਣ ਮਾਹਿਰ ਡਾਕਟਰ ਕੋਲੋਂ ਕਰਵਾਓ, ਖ਼ੂਨ ਦਾ ਯੂਰਿਕ ਏਸਿਡ-ਟੈਸਟ ਤਾਂ ਜ਼ਰੂਰੀ ਹੈ ਹੀ, ਬਾਕੀ ਟੈਸਟ ਜਿਵੇਂ ਹੀਮੋਗਲੋਬਿਨ, ਈ.ਐਸ.ਆਰ, ਟੀ.ਐਲ.ਸੀ., ਡੀ.ਐਲ ਸੀ, ਬਲੱਡ ਯੂਰੀਆ, ਕ੍ਰੀਐਟੀਨੀਨ, ਪਿਸ਼ਾਂਬ ਦਾ ਟੈਸਟ ਤੇ ਡਾਕਟਰ ਦੀ ਸਲਾਹ ਨਾਲ ਸਬੰਧਤ ਜੋੜ ਦਾ ਐਕਸ-ਰੇ, ਗੁਰਦਿਆਂ ਦਾ ਅਲਟਰਾ ਸਾਊਂਡ ਸੀ.ਟੀ. ਸਕੈਨ ਆਦਿ।

ਇਲਾਜ:ਮਾਹਿਰ ਡਾਕਟਰ ਦੀ ਸਲਾਹ ਨਾਲ ਪ੍ਰਹੇਜ਼ ਤੇ ਦਰਦ-ਨਿਵਾਰਕ ਅਤੇ ਯੂਰਿਕ ਏਸਿਡ ਦੇ ਲੈਵਲ ਨੂੰ ਕੰਟਰੋਲ ਕਰਨ ਵਾਸਤੇ ਦਵਾਈਆਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ।

ਯਾਦ ਰੱਖਣ ਯੋਗ: ਨਿਮਨ ਅਨੁਸਾਰ ਪ੍ਰਹੇਜ਼ ਕਰਨਾ ਚਾਹੀਦਾ ਹੈ।ਵਰਜ਼ਿਸ਼ ਕਰੋ, ਸਰੀਰ ਨੂੰ ਕਿਰਿਆਸ਼ੀਲ ਰੱਖੋ, ਬਦਨ ਦਾ ਭਾਰ ਕੰਟਰੋਲ ਵਿਚ ਰੱਖੋ, ਸ਼ੂਗਰ ਤੇ ਬਲੱਡ ਪੈਸ਼ਰ ਵੀ ਦਵਾਈਆਂ ਤੇ ਪ੍ਰਹੇਜ਼ ਨਾਲ ਕੰਟਰੋਲ ਰੱਖੋ। : ਰੈੱਡ ਮੀਟ, ਵਧੇਰੇ ਸ਼ਰਾਬ, ਰਾਜ ਮਾਂਹ, ਛਿਲਕੇ ਵਾਲੀਆਂ ਦਾਲ਼ਾ, ਪਾਲਕ, ਬਹੁਤ ਜ਼ਿਆਦਾ ਪ੍ਰੋਟੀਨਜ਼ ਆਦਿ ਦਾ ਵੀ ਪ੍ਰਹੇਜ਼ ਰੱਖੋ।ਮੁਕੰਮਲ ਮੁਆਇਨੇ ਤੇ ਪੂਰੀ ਜਾਂਚ ਪੜਤਾਲ ਤੋਂ ਬਾਅਦ ਮਾਹਿਰ ਡਾਕਟਰ ਦੀ ਸਲਾਹ ਨਾਲ ਦਰਦ ਨਿਵਾਰਕ ਦਵਾਈਆਂ ਅਤੇ ਯੂਰਿਕ ਏਸਿਡ ਦਾ ਪੱਧਰ ਕੰਟਰੋਲ ਕਰਨ ਵਾਲੀਆਂ ਦਵਾਈਆਂ (ਫੈਬੂਸਟੈਟ, ਜ਼ਾਈਲੋਰਿਕ) ਲੈਣੀਆਂ ਪੈਂਦੀਆਂ ਹਨ।

ਇਤਿਹਾਸਿਕ ਤੌਰ 'ਤੇ ਗਾਊਟ ਨੂੰ ਰਾਜੇ ਮਹਾਰਾਜਿਆਂ ਦਾ ਜਾਂ ਅਮੀਰ ਲੋਕਾਂ ਦਾ ਰੋਗ (ਡਿਸਈਜ਼ ਆਫ ਕਿੰਗਜ਼) ਕਿਹਾ ਜਾਂਦਾ ਹੈ ਕਿਉਂਕਿ ਇਹ ਸਮੱਸਿਆ ਉਖਾਣ ਪੀਣ" ਵਾਲੇ ਰਾਇਲ ਸਟਾਇਲ ਲੋਕਾਂ ਨੂੰ ਵਧੇਰੇ ਹੁੰਦੀ ਹੈ। ਭਾਵੇਂ ਮੈਡੀਕਲ ਸਾਹਿਤ ਵਿਚ ਕੋਈ ਪੁਖਤਾ ਸਬੂਤ ਨਹੀਂ ਮਿਲਿਆ ਫਿਰ ਵੀ ਕਈ ਵਿਚਾਰ ਵਟਾਂਦਰਿਆਂ ਤੇ ਮੇਰੇ ਨਿਜੀ ਤਜਰਬੇ ਅਨੁਸਾਰ, ਗਾਊਟ ਵਾਲੇ ਵਿਅਕਤੀ ਬੜੇ ਜ਼ਹੀਨ ਤੇ ਲਾਇਕ ਹੁੰਦੇ ਹਨ-ਜਿਵੇਂ ਕਈ ਜਿੱਤਾਂ ਕਰਨ ਵਾਲੇ ਸਿਕੰਦਰ ਮਹਾਨ, ਅੰਗ੍ਰੇਜ਼ੀ ਦੇ ਮਸ਼ਹੂਰ ਪਲੇਅ ਰਾਇਟਰ ਤੇ ਮਹਾਨ ਕਵੀ ਸ਼ੇਕਸਪੀਅਰ, ਕ੍ਰਿਸਟੋਫਰ ਕੋਲੰਬਸ, ਮਹਾਨ ਵਿਗਿਆਨੀ ਨਿਊਟਨ, ਆਇਰਲੈਂਡ ਦਾ ਮਹਾਰਾਜਾ ਹੈਨਰੀ (ਅਠਵਾਂ)।

6 ਦਸੰਬਰ ਬਰਸੀ 'ਤੇ ਵਿਸ਼ੇਸ

## ਪੰਜਾਬ ਦੀ ਮਿੱਟੀ ਨਾਲ ਜੁੜਿਆ ਫ਼ਿਲਮਕਾਰ ਸੀ 'ਵਰਿੰਦਰ'

ਪੰਜਾਬੀ ਸਿਨੇਮੇ ਲਈ ਅੱਸੀ-ਨੱਬੇ ਦਾ ਦੌਰ ਪੂਰੀ ਤਰ੍ਹਾਂ ਵਰਿੰਦਰ ਨੂੰ ਹੀ ਸਮੱਰਪਤ ਸੀ। ਜੇ ਗੱਲ ਕਰੀਏ "ਸਰਪੰਚ', ਬਲਬੀਰੋ ਭਾਬੀ, ਨਿੰਮੋ, ਜਿਗਰੀ ਯਾਰ, ਸਰਦਾਰਾ ਕਰਤਾਰਾ, ਯਾਰੀ ਜੱਟ ਦੀ, ਇਨ੍ਹਾਂ ਫ਼ਿਲਮਾਂ ਵਿਚਲਾ 'ਜੀਤਾ, ਕਰਮਾ, ਸੁੱਚਾ..ਅੱਜ ਵੀ ਦਰਸ਼ਕਾਂ ਦੇ ਮਨਾਂ 'ਚ ਵਸਿਆ ਪਿਆ ਹੈ। ਵਰਿੰਦਰ ਇੱਕ ਅਜਿਹਾ ਫ਼ਿਲਮਸ਼ਾਜ ਸੀ ਜਿਸ ਨੇ ਪੰਜਾਬ,ਪੰਜਾਬੀ ਤੇ ਪੰਜਾਬੀਅਤ ਨੂੰ ਬਹੁਤ ਨੇੜਿਓ ਫ਼ਿਲਮੀ ਪਰਦੇ 'ਤੇ ਉਤਾਰਿਆ। ਜਿਸ ਨੂੰ ਅੱਜ ਵੀ ਲੋਕ ਯਾਦ ਕਰਦੇ ਹਨ। ਉਸਦੀਆਂ ਫ਼ਿਲਮਾਂ 'ਚ ਪੰਜਾਬ ਦੇ ਲੋਕਾਂ ਦੀ ਆਵਾਜ਼ ਹੁੰਦੀ ਸੀ। ਉਨ੍ਹਾਂ ਦੀਆਂ ਸਮੱਸਿਆਵਾਂ,ਸਮਾਜਿਕ ਕੁਰੀਤੀਆਂ ਨੂੰ ਵਰਿੰਦਰ ਨੇ ਆਪਣੀਆਂ ਫ਼ਿਲਮਾਂ ਦਾ ਹਿੱਸਾ ਬਣਾਇਆ। ਫ਼ਿਲਮ "ਸਰਪੰਚ" ਰਾਹੀਂ ਉਸ ਨੇ ਨਸ਼ਿਆਂ ਨਾਲ ਉਜੜਦੇ ਘਰਾਂ ਦੀ ਦਾਸਤਾਨ ਬਿਆਨ ਕਰਦਿਆਂ ਇਹ ਵਿਖਾਇਆ ਕਿ ਕਿਵੇਂ ਨਸ਼ੇ ਦੇ ਸੌਦਾਗਰ ਆਪਣੀਆਂ ਜੇਬਾਂ ਭਰਨ ਲਈ ਪੰਜਾਬ ਦੀ ਜਵਾਨੀ ਨੂੰ ਖਤਮ ਕਰਨ ਦੇ ਰਾਹ ਪੈਂਦੇ ਹਨ।ਇਸੇ ਤਰ੍ਹਾਂ ਫ਼ਿਲਮ "ਨਿੰਮੋ" ਰਾਹੀਂ ਇੱਕ ਗਾਉਂਣ ਵਾਲੀ ਦੇ ਵਿਅਕਤੀਤੱਵ ਤੇ ਲੋਕਾਂ ਵਿਚਲੀ ਸੋਹਰਤ ਨੂੰ ਦੋ- ਦੋ ਵੱਖ ਵੱਖ ਐਂਗਲਾਂ ਤੋਂ ਪੇਸ਼ ਕੀਤਾ।"ਬਲਬੀਰੋ ਭਾਬੀ" ਫ਼ਿਲਮ ਰਾਹੀਂ ਉਸ ਨੇ ਪੰਜਾਬੀ ਕਿੱਸਿਆਂ ਦੇ ਲੋਕ ਨਾਇਕ 'ਸੁੱਚਾ ਸੂਰਮੇ' ਨੂੰ ਫ਼ਿਲਮੀ ਪਰਦੇ 'ਤੇ ਉਤਾਰਿਆ। ਫ਼ਿਲਮ "ਯਾਰੀ ਜੱਟ ਦੀ"'ਚ ਇੱਕ ਐਸੀ ਖ਼ੂਬਸੂਰਤ ਮੁਟਿਆਰ ਦੀ ਕਹਾਣੀ ਨੂੰ ਮੂਲ ਬਣਾਇਆ ਜਿਸ ਦੀ ਮਤਰੇਈ ਮਾਂ ਡਾਲਰਾਂ ਦੇ ਲਾਲਚ ਵਿਚ ਆ ਕੇ ਉਸਦਾ ਵਿਆਹ ਕਾਨੈਡਾ ਦੇ ਕ ਬੁੱਢੇ ਨਾਲ ਕਰ ਕੇ ਉਸ ਦੇ ਪਿਆਰ ਤੋਂ ਦੂਰ ਭੇਜ ਦਿੰਦੀ ਹੈ।ਸੱਚੇ ਪਿਆਰ ਦੀ ਆਖਿਰ ਜਿੱਤ ਹੁੰਦੀ ਹੈ।

ਵਰਿੰਦਰ ਦਾ ਜਨਮ 15 ਅਗਸਤ 1948 ਨੂੰ ਪੰਜਾਬ ਦੇ ਫਗਵਾੜਾ ਸ਼ਹਿਰ 'ਚ ਹੋਇਆ। ਨਾਮੀ ਫ਼ਿਲਮ ਸਟਾਰ ਧਰਮਿੰਦਰ ਤੇ ਵਰਿੰਦਰ ਆਪਸ 'ਚ ਮਾਮੇ-ਭੂਆ ਦੇ ਪੁੱਤ ਸਨ। ਫ਼ਿਲਮਾਂ'ਚ ਆਉਣ ਤੋਂ ਪਹਿਲਾਂ ਵਰਿੰਦਰ ਫਗਵਾੜੇ ਇਕ ਪ੍ਰਾਈਵੇਟ ਇੰਡਸਟਰੀ 'ਚ ਬੁਕਿੰਗ ਕਲਰਕ ਵਜੋਂ ਕੰਮ ਕਰਦਾ ਸੀ। ਆਪਣੇ ਕੰਮ ਦੇ ਸਿਲਸਿਲੇ ਉਹ ਅਕਸਰ ਹੀ ਬੰਬੇ,ਕੱਲਕੱਤੇ ਜਾਂਦਾ ਤਾਂ ਉਹ ਧਰਮਿੰਦਰ ਕੋਲ ਠਹਿਰਦਾ। ਫ਼ਿਲਮਾਂ ਦੀ ਚਕਾਚੌਂਧ ਨੇ ਵਰਿੰਦਰ ਨੂੰ ਪ੍ਰਭਾਵਿਤ ਕੀਤਾ ਤੇ ਫ਼ਿਲਮਾਂ ਵੱਲ ਆਉਣ ਦਾ ਮਨ ਬਣਾਇਆ। ਵਰਿੰਦਰ ਦੀ ਪਹਿਲੀ ਫ਼ਿਲਮ "ਤੇਰੀ ਮੇਰੀ ਇੱਕ ਜਿੰਦੜੀ" ਸੀ ਜਿਸ ਵਿੱਚ ਉਸ ਨੇ ਪਹਿਲੀ ਵਾਰ ਬਤੌਰ ਨਾਇਕ ਕੈਮਰੇ ਦਾ ਸਾਹਮਣਾ ਕੀਤਾ। ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਵਲੋਂ 'ਲੁਧਿਆਣਾ ਫ਼ਿਲਮਜ਼' ਦੇ ਬੈਨਰ ਹੇਠ ਬਣਾਈ ਇਸ ਫ਼ਿਲਮ 'ਚ ਧਰਮਿੰਦਰ ਨੇ ਵੀ ਕੰਮ ਕੀਤਾ ਸੀ। ਵਰਿੰਦਰ ਬਹੁਤ ਸੰਗਾਊ ਸੁਭਾਓ ਵਾਲਾ ਸੀ। ਇਸ ਫ਼ਿਲਮ ਦੀ ਸੂਟਿੰਗ ਸਮੇਂ ਉਸ ਨੇ ਅਦਾਕਾਰਾ ਮੀਨਾ ਰਾਏ ਨਾਲ ਜੋ ਰੁਮਾਂਟਿਕਤਾ ਵਾਲੇ ਦ੍ਰਿਸ਼ ਦਿੱਤੇ ਉਹ ਬਹੁਤ ਹੀ ਸੰਗ-ਸੰਗ ਦਿੱਤੇ।"ਨਰਿੰਦਰ ਬੀਬਾ ਦੀ ਆਵਾਜ਼ 'ਚ ਹਿੱਟ ਗਾਣਾ "ਤੇਰੀਆਂ ਮਹੁੱਬਤਾਂ ਨੇ ਮਾਰ ਸੁਟਿਆ..ਦੱਸ ਕੀ ਕਰਾ"ਵਰਿੰਦਰ 'ਤੇ ਹੀ ਫ਼ਿਲਮਾਇਆ ਗਿਆ । ਇਸ ਫ਼ਿਲਮ ਤੋਂ ਉਸ ਨੇ ਬਹੁਤ ਕੁਝ ਸਿੱਖਿਆ ।ਇਸ ਤੋਂ ਬਾਅਦ ਉਹ ਪੂਰੀ ਤਰ੍ਹਾਂ ਪੰਜਾਬੀ ਫ਼ਿਲਮਾਂ ਨੂੰ ਸਮੱਰਪਤ ਹੋ ਗਿਆ। ਅਦਾਕਾਰੀ ਦੇ ਨਾਲ-ਨਾਲ ਉਸ ਨੇ ਫ਼ਿਲਮ ਨਿਰਦੇਸ਼ਨ 'ਚ ਵੀ ਚੰਗਾ ਗਿਆਨ ਹਾਸਿਲ ਕੀਤਾ।


ਚੰਨ ਗੁਰਾਇਆ ਵਾਲਾ ਪੰਜਾਬੀ ਫਿਲਮ ਬਲਵੀਰੋ ਭਾਬੀ ਦੇ ਇਕ ਦ੍ਰਿਸ਼ ਵਿਚ ਵਰਿੰਦਰ ਨਾਲ

ਵਰਿੰਦਰ ਆਪਣੀ ਫ਼ਿਲਮ ਦੀ ਕਹਾਣੀ,ਡਾਇਲਾਗ,ਲੁਕੇਸ਼ਨ ਅਤੇ ਗੀਤਾਂ ਦਾ ਖ਼ਾਸ ਧਿਆਨ ਰੱਖਦਾ ਸੀ। ਉਹ ਫ਼ਿਲਮ ਦੇ ਨਾਇਕ ਦੀ ਆਵਾਜ਼ ਨਾਲ ਮਿਲਦੀ-ਆਵਾਜ਼ ਤੋਂ ਹੀ ਪਲੇਅ-ਬੈਕ ਗਵਾਉਂਦਾ ਸੀ। ਮਹਿੰਦਰ ਕਪੂਰ ਉਸਦਾ ਮਨਪਸੰਦ ਗਾਇਕ ਸੀ। ਇਹੋ ਕਾਰਣ ਸੀ ਕਿ ਉਸ ਦੀ ਫ਼ਿਲਮ ਦਾ ਸਾਊਂਡਟਰੈਕ ਕੋਈ ਨਾਮੀ ਮਿਊਜ਼ਕ ਕੰਪਨੀ ਸੱਜਧਜ ਕੇ ਰਿਲੀਜ਼ ਕਰਦੀ ਹੁੰਦੀ ਸੀ। ਵਰਿੰਦਰ ਦੀਆਂ ਫ਼ਿਲਮਾਂ ਦੀ ਦਰਸ਼ਕ ਬੇਸਬਰੀ ਕਈ-ਕਈ ਹਫ਼ਤੇ ਇੱਕੋ ਸਿਨੇਮੇ ਘਰ 'ਚ ਫ਼ਿਲਮ ਲੱਗੀ ਰਹਿੰਦੀ ਸੀ। ਦਰਸ਼ਕਾਂ ਦਾ ਜਿਹੜਾ ਪਿਆਰ ਵਰਿੰਦਰ ਦੀਆਂ ਫ਼ਿਲ਼ਮਾਂ ਦੇ ਹਿੱਸੇ ਆਇਆ, ਉਹ ਕਿਸੇ ਹੋਰ ਦੇ ਬਹੁਤ ਘੱਟ ਆਇਆ ।

ਵਰਿੰਦਰ ਨੇ ਆਪਣੇ 12 ਸਾਲ ਦੇ ਫ਼ਿਲਮੀ ਕੈਰੀਅਰ ਦੌਰਾਨ ਬਤੌਰ ਲੇਖਕ, ਨਿਰਮਾਤਾ- ਨਿਰਦੇਸ਼ਕ ਅਤੇ ਨਾਇਕ ਲਗਭਗ 25 ਫ਼ਿਲਮਾਂ ਪੰਜਾਬੀ ਦਰਸ਼ਕਾਂ ਨੂੰ ਦਿੱਤੀਆਂ। "ਲੰਬੜਦਾਰਨੀ, ਲਾਜੋ, ਵੈਰੀ ਜੱਟ, ਸੈਦਾ ਜੋਗਣ, ਬਟਵਾਰਾ,ਬਲਬੀਰੋ ਭਾਬੀ,ਰਾਣੋ,ਸਰਪੰਚ,ਸੰਤੋ-ਬੰਤੋ,ਤੇਰੀ ਮੇਰੀ ਇੱਕ ਜਿੰਦੜੀ, ਸਰਦਾਰਾ ਕਰਤਾਰਾ, ਜਿਗਰੀ ਯਾਰ, ਜੱਟ ਸੂਰਮੇ, ਗਿੱਧਾ, ਟਾਕਰਾ, ਧਰਮਜੀਤ, ਯਾਰੀ ਜੱਟ ਦੀ ਜੱਟ ਤੇ ਜ਼ਮੀਨ, ਨਿੰਮੋ ਅਦਿ ਉਸਦੀਆਂ ਚਰਚਿਤ ਫ਼ਿਲਮਾਂ ਹਨ। ਉਸ ਨੇ ਦੋ ਹਿੰਦੀ ਫ਼ਿਲਮਾਂ "ਖੇਲ ਮੁਕੱਦਰ ਕਾ" ਅਤੇ "ਦੋ ਚਿਹਰੇ" 'ਚ ਵੀ ਕੰਮ ਕੀਤਾ। ਉਂਝ ਤਾਂ ਵਰਿੰਦਰ ਨਾਲ ਕਈ ਹੀਰੋਇਨਾਂ ਨੇ ਕੰਮ ਕੀਤਾ ਪਰ ਬਿੱਲ਼ੀਆਂ ਅੱਖਾਂ ਵਾਲ਼ੀ ਕਸ਼ਮੀਰਨ ਪ੍ਰੀਤੀ ਸਪਰੂ ਨਾਲ ਵਰਿੰਦਰ ਦੀ ਜੋੜੀ ਵਧੇਰੇ ਪ੍ਰਵਾਨ ਚੜ੍ਹੀ।

ਵਰਿੰਦਰ ਅੱਤਵਾਦ ਦੇ ਦਿਨਾਂ ਵਿੱਚ ਵੀ ਪੰਜਾਬ 'ਚ ਸੂਟਿੰਗਾਂ ਕਰਦਾ ਰਿਹਾ ਜਦਕਿ ਬਾਕੀ ਫ਼ਿਲਮਕਾਰ ਇਨ੍ਹਾਂ ਕਾਲੇ ਦਿਨਾਂ 'ਚ ਪੰਜਾਬ ਆਉਣਾ ਮੌਤ ਨੂੰ ਗਲੇ ਲਗਾਉਣਾ ਕਹਿੰਦੇ ਸਨ। ਉਹ ਅਕਸਰ ਕਹਿੰਦਾ ਹੁੰਦਾ ਕਿ ਪੰਜਾਬ ਮੇਰਾ ਆਪਣਾ ਹੈ। ਮੈਂ ਪੰਜਾਬ ਦੀ ਮਿੱਟੀ ਨਾਲ ਜੁੜਿਆ ਹੋਇਆ ਕਲਾਕਾਰ ਹਾਂ। ਮੇਰਾ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ। ਪਰ ਉਸਦਾ ਇਹ ਭਰਮ ਉਦੋਂ ਮੌਤ ਦੀ ਦਸਤਕ ਬਣ ਗਿਆ ਜਦੋਂ 6 ਦਸੰਬਰ 1988 ਨੂੰ ਪੰਜਾਬੀ ਫ਼ਿਲਮ 'ਜੱਟ ਤੇ ਜਮੀਨ"ਦੀ ਸੂਟਿੰਗ ਸਮੇਂ ਪਿੰਡ ਤਲਵੰਡੀ ਵਿਖੇ ਕੁਝ ਅਣਪਛਾਤੇ ਹਥਿਆਰਬੰਦਾਂ ਵਲੋਂ ਗੋਲੀਆਂ ਚਲਾ ਕੇ ਪੰਜਾਬੀ ਸਿਨੇਮੇ ਦਾ ਇਹ ਮਹਾਨ ਕਲਾਕਾਰ ਸਦਾ ਲਈ ਖੋਹ ਲਿਆ।

ਜਿਸ ਦਿਨ ਉਨ੍ਹਾਂ ਨਾਲ ਇਹ ਘਟਨਾ ਵਾਪਰੀ ਉਸ ਵੇਲੇ 'ਜੱਟ ਤੇ ਜਮੀਨ' ਫ਼ਿਲਮ ਦਾ ਇੱਕ ਗੀਤ ਫਿਲਮਾਇਆ ਜਾ ਰਿਹਾ ਸੀ। ਅਚਾਨਕ ਇਕਦਮ ਗੋਲੀਆਂ ਚੱਲਣ ਦੀ ਆਵਾਜ਼ ਆਈ ।ਚਾਰੇ ਪਾਸੇ ਹਫੜਾਂ-ਧਫ਼ੜੀ ਮੱਚ ਗਈ। ਜਦ ਵੇਖਿਆ ਤਾਂ ਵਰਿੰਦਰ ਜੀ ਖ਼ੂਨ 'ਚ ਲੱਥਪਥ ਡਿੱਗੇ ਪਏ ਸੀ, ਚੁੱਕ ਕੇ ਲੁਧਿਆਣੇ ਡੀ ਐੱਮ ਸੀ ਲੈ ਗਏ। ਪਰ ਰਾਸਤੇ 'ਚ ਹੀ ਪੂਰੇ ਹੋ ਗਏ ਸੀ"।

-ਸੁਰਜੀਤ ਜੱਸਲ
#9814607737

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW
DRYWALL INC.
The Name You Can Trust
Products of Services:
· Insulation
· Drywall
· Taping
· Texturing
· Blow Insulation
ਇੰਸੂਲੇਸ਼ਨ·
ਡਰਾਈਵਾਲ·
ਟੇਪਿੰਗ·
ਬਲੋ ਇੰਸੂਲੇਸ਼ਨ·
ਟੈਕਸਚਰਿੰਗ·
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਭਾਂਡੇ ਕਲੀ ਕਰਾ ਲਓ.. ..



ਕਾਲਾ ਸਿੰਘ ਸੈਣੀ,
ਮੋਬਾ:98767-20402



ਖਰੜ ਨੇੜਲੇ ਪਿੰਡ ਸਹੌੜਾਂ ਦਾ ਰਮੇਸ਼ ਕੁਮਾਰ ਕਾਲੂ ਭਾਂਡੇ ਕਲੀ ਕਰਦਾ ਹੋਇਆ

ਲੋਕ ਮਨਾਂ ਦੀਆਂ ਭਾਵਨਾਵਾਂ 'ਚ ਲੋਕ ਗੀਤਾਂ ਦਾ ਜਨਮ ਹੁੰਦਾ ਹੈ। ਜਿਹੜੀ ਗੱਲ ਦਿਲਾਂ ਦੇ ਕਰੀਬ ਹੁੰਦੀ ਹੈ। ਉਹ ਸਹਿਜੇ ਹੀ ਲੋਕ ਗੀਤ ਬਣ ਜਾਂਦੀ ਹੈ। ਸਾਡਾ ਰਹਿਣ-ਸਹਿਣ, ਖਾਣ-ਪੀਣ,ਸਾਡਾ ਪਰਿਵਾਰਾ ਸਾਨੂੰ ਸਾਡੇ ਅਮੀਰ ਸੱਭਿਆਚਾਰ ਵਿਰਸੇ ਦੀ ਪਛਾਣ ਕਰਵਾਉਂਦਾ ਹੈ। ਅਜੋਕੇ ਵਿਗਿਆਨਕ ਯੁੱਗ ਦੀ ਫਿਲਮ ਅੱਗੇ ਪੁਰਾਤਨ ਸਮੇਂ ਦੀ ਫਿਲਮ ਬਹੁਤ ਛੋਟੀ ਜਿਹੀ ਲੱਗਦੀ ਹੈ। ਸਾਧਗੀ 'ਚ ਗੁਜਾਰੇ ਦਿਨ,ਦਰਖਤਾਂ ਦੀਆਂ ਠੰਡੀਆਂ ਛਾਵਾਂ ਦਾ ਮਾਣਿਆਂ ਆਨੰਦ,ਕੱਚੇ ਘਰਾਂ ਦੇ ਕੱਚੇ ਵਿਹੜੇ,ਕੱਚੇ ਰਾਹਾਂ ਦੀਆਂ ਕੱਚਿਆਂ ਖੁੱਲਿਆਂ ਗਲੀਆਂ। ਗਲੀਆਂ 'ਚ ਕਦੇ-ਕਦੇ ਸੁਣਾਈ ਦੇਂਦੀ ਹੈ ਆਵਾਜ਼। ਭਾਂਡੇ ਕਲੀ ਕਰਾ ਲਓ.. .. ਭਾਂਡੇ..!

ਕਲੀ ਕਰਨ ਵਾਲਾ ਵਿਅਕਤੀ ਸਾਇਕਲ ਤੇ ਜਦੋਂ ਗਲੀ 'ਚ ਗੇੜਾ ਮਾਰਦਾ ਹੋਇਆ ਹੋਕਾ ਦਿੰਦਾ। ਤਾਂ ਭਾਂਡੇ ਕਲੀ ਕਰਵਾਉਂਣ ਲਈ ਆਵਾਜ਼ ਮਾਰ ਬੁਲਾ ਲਿਆ ਜਾਂਦਾ। ਇੱਕੋਂ ਵਿਹੜੇ 'ਚ ਬੈਠੇ ਕਲੀ ਕਰਨ ਵਾਲਾ ਭਾਈ ਕੋਲੋਂ ਕਈ ਘਰਾਂ ਦੀਆ ਸੁਆਣੀਆਂ ਭਾਂਡੇ ਕੌਲਿਆਂ, ਗਲਾਸ, ਪਰਾਤਾਂ, ਥਾਲੀਆਂ, ਬਾਟੀਆਂ, ਪਤੀਲੇ ਕਲੀ ਕਰਵਾਏ ਲਏ ਜਾਂਦੇ ਤਾਂ ਕਲੀ ਕੀਤੇ ਭਾਂਡੇ ਚਾਂਦੀ ਵਾਂਗ ਚਮਕ ਜਾਂਦੇ ਸਨ। ਨਾਲ-ਹੀ-ਨਾਲ ਉਸ ਭਾਈ ਕੋਲੋ ਪਿੱਤਲ ਦੀਆਂ ਪਰਾਤਾਂ ਦੇ ਟੁੱਟੇ ਪੌੜ ਅਤੇ ਕੜਾਹੀਆਂ ਦੇ ਥੱਲੇ ਲਗਾਉਣ ਦੇ ਨਾਲ-ਨਾਲ ਭਾਂਡਿਆਂ 'ਚ ਪਏ ਚਿੱਬ ਵੀ ਕਢਵਾ ਲਏ ਜਾਂਦੇ ਸਨ। ਪਤੀਲੇ,ਪਤੀਲੀਆਂ ਨੂੰ ਨਵੇਂ ਢੱਕਣ ਵੀ ਲਗਾ ਲਏ ਜਾਂਦੇ। ਖਾਸ ਕਰਕੇ ਪੁਰਾਤਨ ਸਮਿਆਂ ਅੰਦਰ ਦੁਸਹਿਰਾ, ਦਿਵਾਲੀ ਦੇ ਤਿਉਹਾਰਾ ਦੇ ਦਿਨਾਂ 'ਚ ਪਿੱਤਲ ਦੇ ਭਾਂਡੇ ਜਰੂਰ ਕਲੀ ਕਰਵਾਏ ਜਾਂਦੇ ਸਨ। ਉਨਾਂ ਦਿਨਾਂ 'ਚ ਵੱਖ-ਵੱਖ ਸ਼ਹਿਰਾਂ ਅੰਦਰ ਭਾਂਡੇ ਕਲੀ ਕਰਨ ਵਾਲਿਆਂ ਦੀਆਂ ਦੁਕਾਨਾਂ ਬੇਹੱਦ ਮਸ਼ਹੂਰ ਹੁੰਦਿਆਂ ਸਨ। ਘਰਾਂ ਦੀਆਂ ਰਸੋਈਆਂ 'ਚ ਚੁਕਣੀ ਮਿੱਟੀ ਜਾਂ ਲੱਕੜ ਦੇ ਫੱਟਿਆਂ ਉੱਤੇ ਸਜਦੇ ਪਿੱਤਲ, ਤਾਂਬਾ, ਬਰਾਸ, ਭਰਤ, ਕਾਂਸੀ ਆਦਿ ਦੇ ਭਾਂਡਿਆਂ ਦੀ ਥਾਂ ਅਜੋਕੇ ਸਮੇਂ ਅੰਦਰ ਮਾਡਰਨ ਯੁੱਗ ਦੀਆਂ ਮਾਡਰਨ ਰਸੋਈਆਂ 'ਚ ਸਿਲਵਰ,ਸਟੀਲ ਅਤੇ ਅਕਰੇਲਿਕ ਦੇ ਭਾਂਡਿਆਂ ਨੇ ਲੈ ਲਈ ਹੈ। ਕਲੀ ਕੀਤੇ ਪਿੱਤਲ,ਬਰਾਸ,ਤਾਂਬਾ,ਭਰਤ ਆਦਿ ਦੇ ਭਾਂਡੇ ਚੁੱਲੇ ਦੀ ਸਵਾਹ 'ਰਾਖ' ਨਾਲ ਮਾਂਜੇ ਜਾਂਦੇ ਭਾਂਡਿਆਂ ਦੀ ਚਮਕ ਵਾਲੀ ਟੌਹਰ ਅੱਗੇ ਮਾਡਰਨ ਭਾਂਡਿਆਂ ਦੀ ਚਮਕ ਫਿੱਕੀ ਜਾਪਦੀ ਹੈ। ਇੱਕ ਕਦਮ ਹੋਰ ਅੱਗੇ ਵਧਕੇ ਅਜੋਕੇ ਸਮੇਂ ਅੰਦਰ ਰੇਡੀਮੇਟ ਭਾਂਡਿਆਂ ਦੀ ਵਰਤੋਂ ਜਿਆਦਾ ਹੋਣ ਲੱਗ ਪਈ ਹੈ। ਜਿਨਾਂ ਨੇ ਭਾਂਡੇ ਧੋਣ ਵਾਲੀ ਚਿੰਤਾ ਹੀ ਮੁਕਾ ਦਿੱਤੀ ਹੈ। ਪਰ ਇਨਾਂ ਸਹੂਲਤਾਂ ਅੱਗੇ ਅਨੇਕਾਂ ਬਿਮਾਰੀਆਂ ਨੇ ਮਨੁੱਖ ਨੂੰ ਘੇਰ ਲਿਆ ਹੈ। ਪਿੱਤਲ, ਬਰਾਸ, ਤਾਂਬਾ,ਭਰਤ ਆਦਿ ਦੇ ਕਲੀ ਕੀਤੇ ਭਾਂਡੇ ਸਾਡੀ ਸਿਹਤ ਲਈ ਬਹੁਤ ਹੀ ਲਾਭਦਾਇਕ ਹੁੰਦੇ ਹਨ।

ਇਨਾਂ ਮਾਡਰਨ ਭਾਂਡਿਆਂ ਨੇ ਭਾਂਡੇ ਕਲੀ ਕਰਨ ਵਾਲਿਆਂ ਦੇ ਰੋਜਗਾਰ ਤੇ ਵੀ ਠੋਕਰ ਮਾਰ ਦਿੱਤੀ ਹੈ। ਗਲੀਆਂ 'ਚ ਸੁਣਾਈ ਦਿੰਦਾ ਇਹ ਹੋਕਾ ਅੱਜ ਸਾਡੇ ਤੋਂ ਏਨਾ ਕੁ ਫਿੱਕਾ ਪੈ ਗਿਆ ਹੈ ਕਿ ਕਿਤੇ ਮੁੜ ਆਉਣ ਦੀ ਆਸ ਦੀ ਕਿਰਨ ਦਿਖਾਈ ਵੀ ਨਹੀਂ ਦੇਂਦੀ। ਪਰ ਸਾਡੇ ਹਰਮਨ ਪਿਆਰੇ ਲੋਕ ਗਾਇਕ ਰੰਗੀਲਾ ਜੱਟ ਅਤੇ ਸੁਰਿੰਦਰ ਕੌਰ ਵੱਲੋਂ ਗਾਏ ਸਪੁਰ ਹਿੱਟ ਲੋਕ ਗੀਤ ਦੇ ਬੋਲ ਸਾਡੇ ਦਿਲਾਂ ਨੂੰ ਛੂਹਦੇ ਹੋਏ ਸਾਨੂੰ ਬੀਤੇ ਸਮੇਂ ਦੀਆਂ ਯਾਦ ਤਾਜਾ ਕਰਵਾਉਂਦਾ ਰਹਿਣਗੇ:

'ਭਾਂਡੇ ਕਲੀ ਕਰਾ ਲਓ..ਭਾਂਡੇ।
'ਭਾਈ ਵੇ ਕਲੀ ਵਾਲਿਆ ਮੇਰੇ ਭਾਂਡੇ ਕਲੀ ਕਰਦੇ..।

# ਢਾਹਾਂ ਅਵਾਰਡ ਜੇਤੂ ਕਹਾਣੀਕਾਰ ਜਮੀਲ ਅਹਿਮਦ ਪਾਲ, ਬਲੀਜੀਤ ਅਤੇ ਜ਼ੁਬੈਰ ਅਹਿਮਦ ਦਾ ਸਨਮਾਨ

ਸਰੀ,(ਹਰਦਮ ਮਾਨ)- ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਵੱਲੋਂ ਇਸ ਸਾਲ ਢਾਹਾਂ ਅਵਾਰਡ ਹਾਸਲ ਕਰਨ ਵਾਲੇ ਲਹਿੰਦੇ ਪੰਜਾਬ ਦੇ ਕਹਾਣੀਕਾਰ ਜਮੀਲ ਅਹਿਮਦ ਪਾਲ, ਚੜ੍ਹਦੇ ਪੰਜਾਬ ਦੇ ਕਹਾਣੀਕਾਰ ਬਲੀਜੀਤ ਅਤੇ ਢਾਹਾਂ ਅਵਾਰਡ ਸਲਾਹਕਾਰ ਕਮੇਟੀ ਦੇ ਚੇਅਰਮੈਨ ਜ਼ੁਬੈਰ ਅਹਿਮਦ ਦੇ ਮਾਣ ਵਿਚ ਸੰਖੇਪ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਤਿੰਨਾਂ ਲੇਖਕਾਂ ਨੇ ਆਪਣੇ ਸਾਹਿਤਕ ਸਫ਼ਰ ਅਤੇ ਵਿਸ਼ੇਸ਼ ਤੌਰ'ਤੇ ਢਾਹਾਂ ਪੁਰਸਕਾਰ ਪ੍ਰਾਪਤ ਕਰਨ ਵਾਲੀਆਂ ਆਪਣੀਆਂ ਪੁਸਤਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਜੈਤੇਗ ਸਿੰਘ ਅਨੰਤ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਲਹਿੰਦੇ ਪੰਜਾਬ ਦੇ ਲੇਖਕਾਂ ਨਾਲ ਪਿਛਲੇ ਲੰਮੇਂ ਸਮੇਂ ਤੋਂ ਚੱਲਦੀ ਆ ਰਹੀ ਆਪਣੀ ਸਾਂਝ ਅਤੇ ਮਿੱਤਰਤਾ ਦੀ ਗੱਲ ਕੀਤੀ ਅਤੇ ਦੱਸਿਆ ਕਿ ਉਹ 2004 ਤੋਂ ਲਗਾਤਾਰ ਲਾਹੌਰ ਵਿਚ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਆਪਣੇ ਮਾਤਾ ਪਿਤਾ ਦੀ ਯਾਦ ਵਿਚ ਸਾਹਿਤਕ ਸਮਾਗਮ ਕਰਵਾਉਂਦੇ ਆ ਰਹੇ ਹਨ ਅਤੇ ਇਨ੍ਹਾਂ ਪ੍ਰੋਗਰਾਮਾਂ ਵਿਚ ਲਹਿੰਦੇ ਪੰਜਾਬ ਦੇ ਕਈ ਵਿਦਵਾਨਾਂ, ਲੇਖਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਇਸ ਸਾਲ ਦੇ ਢਾਹਾਂ ਪੁਰਸਕਾਰ ਜੇਤੂ ਜਮੀਲ ਅਹਿਮਦ ਪਾਲ ਨੇ ਆਪਣੀ ਜਾਣ ਪਛਾਣ ਕਰਵਾਉਂਦਿਆਂ ਇਨਾਮ ਹਾਸਲ ਕਰਨ ਵਾਲੀ ਕਹਾਣੀਆਂ ਦੀ ਕਿਤਾਬ'ਮੈਂਡਲ



ਦਾ ਕਾਨੂੰਨ' ਬਾਰੇ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਕਿਤਾਬ ਵਿਚ12ਕਹਾਣੀਆਂ ਹਨ ਜਿਨ੍ਹਾਂ ਦੇ ਵਿਸ਼ੇ ਆਮ ਜ਼ਿੰਦਗੀ ਨਾਲ ਸੰਬੰਧਤ ਹਨ।ਉਨ੍ਹਾਂ ਦੱਸਿਆ ਕਿ ਉਹ 1977 ਤੋਂ ਕਹਾਣੀ ਲਿਖ ਰਹੇ ਹਨ, ਉਨ੍ਹਾਂ ਦੇ ਚਾਰ ਕਹਾਣੀ ਸੰਗ੍ਰਹਿ, ਤਿੰਨ ਸਫ਼ਰਨਾਮੇ, ਪੱਤਰਕਾਰੀ ਤੇ ਭਾਸ਼ਾ ਨਾਲ ਸੰਬੰਧਤ ਪੁਸਤਕਾਂ ਸਮੇਤ ਕੁੱਲ 26 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਨੂੰ ਇਹ ਵੀ ਮਾਣ ਹੈ ਕਿ ਉਹ ਲਹਿੰਦੇ ਪੰਜਾਬ ਤੋਂ ਨਿਕਲਦੇ ਚਾਰ ਪੰਜਾਬੀ ਅਖ਼ਬਾਰਾਂ ਨਾਲ ਸੰਬੰਧਤ ਰਹੇ ਹਨ। ਉਹ ਆਪਣੇ ਆਪ ਨੂੰ ਕਹਾਣੀਕਾਰ ਤੋਂ ਜ਼ਿਆਦਾ ਵਰਕਰ ਸਮਝਦੇ ਹਨ।

ਢਾਹਾਂ ਪੁਰਸਕਾਰ ਦੇ ਦੂਜੇ ਵਿਜੇਤਾ ਕਹਾਣੀਕਾਰ ਬਲੀਜੀਤ ਨੇ ਦੱਸਿਆ ਕਿ ਲਗਾਤਾਰ 10 ਸਾਲ ਦੇ ਸੰਘਰਸ਼ ਬਾਅਦ ਕਹਾਣੀ ਖੇਤਰ ਵਿਚ ਉਹ ਪੈਰ ਧਰਨ ਦੇ ਕਾਬਲ ਹੋਏ। ਉਨ੍ਹਾਂ ਪੰਜਾਬੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਹਿੰਦੀ, ਅੰਗਰੇਜ਼ੀ, ਫਰੈਂਚ ਅਤੇ ਹੋਰ ਕਈ ਭਾਸ਼ਾਵਾਂ ਦੀਆਂ ਕਹਾਣੀਆਂ ਪੜ੍ਹੀਆਂ। ਉਨ੍ਹਾਂ ਦੇ ਹੁਣ ਤੱਕ 3 ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਢਾਹਾਂ ਅਵਾਰਡ ਮਿਲਣ ਤੇ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਵੀ ਕਹਾਣੀਕਾਰ ਮੰਨਿਆ ਗਿਆ ਹੈ।

# ਵਿਕਲਾਂਗ ਵਿਅਕਤੀ ਸਮਾਜ ਦਾ ਅਨਿੱਖਰਵਾਂ ਅੰਗ



ਗੁਰਿੰਦਰ ਕਲੇਰ
ਪਿੰਡ/ਡਾਕ-ਕਲੇਰ ਕਲਾਂ
(ਗੁਰਦਾਸਪੁਰ )
ਮੋਬਾਈਲ ਨੰਬਰ 9914538888

ਵਿਕਲਾਂਗ ਦਿਵਸ ਦਾ ਆਰੰਭ ਸੰਨ 1992 ਤੋਂ ਯੁਨਾਈਟਡ ਨੈਸ਼ਨਲ ਜਨਰਲ ਅਸੈਂਬਲੀ ਦੁਆਰਾ ਕੀਤਾ ਗਿਆ। ਇਸ ਦਿਨ ਦਾ ਮਕਸਦ ਵਿਕਲਾਂਗ ਵਿਅਕਤੀਆਂ ਦੀਆਂ ਮੁਸਕਲਾਂ ਨੂੰ ਉਜਾਗਰ ਕਰਨਾ ਅਤੇ ਉਹਨਾਂ ਦੇ ਹੱਕਾਂ ਲਈ ਉਹਨਾਂ ਦਾ ਸਾਥ ਦੇਣਾ ਆਦਿ ਸੀ। ਦੁਨੀਆ ਭਰ ਵਿੱਚ ਇਸ ਵਖਤ ਵਿਕਲਾਂਗ ਵਿਅਕਤੀਆਂ ਦੀ ਗਿਣਤੀ ਸੌ ਕਰੋੜ ਦੇ ਕਰੀਬ ਹੈ। ਜੇਕਰ ਭਾਰਤ ਦੀ ਗੱਲ ਕੀਤੀ ਜਾਵੇਂ ਤਾਂ 2011ਦੀ ਜਨਗਣਨਾ ਅਨੁਸਾਰ ਭਾਰਤ ਵਿੱਚ 2 ਕਰੋੜ 70 ਲੱਖ ਵਿਕਲਾਂਗ ਵਿਅਕਤੀ ਹਨ। ਜਿੰਨਾ ਵਿੱਚੋ 1.50 ਕਰੋੜ ਮਰਦ ਅਤੇ 1.20 ਕਰੋੜ ਔਰਤਾਂ ਹਨ। 69% ਵਿਕਲਾਂਗ ਲੋਕ ਪਿੰਡਾ ਵਿੱਚ ਅਤੇ 31% ਲੋਕ ਸਹਿਰਾਂ ਵਿੱਚ ਰਹਿੰਦੇ ਹਨ। ਜੇਕਰ ਪੜ੍ਹਾਈ ਦੀ ਗੱਲ ਕੀਤੀ ਜਾਵੇਂ ਤਾਂ ਲਗਭਗ 61% ਵਿਕਲਾਂਗ ਵਿਅਕਤੀ ਸਕੂਲੀ ਪੜ੍ਹਾਈ ਪ੍ਰਾਪਤ ਕਰਦੇ ਹਨ।

ਉਚੇਰੀ ਸਿੱਖਿਆ ਵਿੱਚ ਇਹ ਪ੍ਰਤੀਸਤਾਂ ਘੱਟ ਕੇ 12% ਰਹਿ ਜਾਂਦੀ ਹੈ। ਇਹਨਾਂ ਦੀ ਵਿਆਹ ਦਰ ਲਗਭਗ 58% ਹੈ। ਪੰਜਾਬ ਵਿੱਚ ਵਿਕਲਾਂਗ ਲੋਕਾਂ ਦੀ ਗਿਣਤੀ 6.54 ਲੱਖ ਹੈ। ਇਹ ਗਿਣਤੀ ਪੰਜਾਬ ਦੀ ਆਬਾਦੀ ਦਾ 2.35% ਹੈ। ਉਤਰ ਪ੍ਰਦੇਸ਼ ਰਾਜ ਵਿੱਚ ਸਭ ਤੋਂ ਵੱਧ ਗਿਣਤੀ ਇਹਨਾਂ ਦੀ ਹੈ। ਕੁਲ ਆਬਾਦੀ ਦਾ 8.69% ਲੋਕ ਵਿਕਲਾਂਗ ਹਨ। ਪੰਜਾਬ ਦਾ ਸਥਾਨ ਤੇਰਵਾਂ ਹੈ। ਇੱਥੇ ਕੁਲ ਆਬਾਦੀ ਦਾ 2.44% ਲੋਕ ਵਿਕਲਾਂਗ ਹਨ। ਜੇਕਰ ਦੁਨੀਆ ਦੇ ਵੱਡੇ ਰਿਕਾਰਡ ਪੈਦਾ ਕਰਨ ਵਾਲੇ ਵਿਕਲਾਂਗ ਲੋਕਾਂ ਦੀ ਗੱਲ ਕੀਤੀ ਜਾਵੇਂ ਤਾਂ ਇਹ ਗਿਣਤੀ ਹਜ਼ਾਰਾਂ-ਲੱਖਾਂ ਵਿੱਚ ਹੋ ਸਕਦੀ ਹੈ। ਕੁਝ ਉਹ ਸਖਸੀਅਤਾਂ ਜਿੰਨਾ ਆਪਣੇ ਦਿੜ? ਇਰਾਦੇ ਅਤੇ ਸਖਤ ਮਿਹਨਤ ਨਾਲ ਉਹ ਮੁਕਾਮ ਹਾਸਲ ਕੀਤੇ ਜਿਹੜੇ ਸਾਧਾਰਨ ਵਿਅਕਤੀਆਂ ਲਈ ਵੀ ਵੱਡੇ ਚੈਲੰਜ ਸਨ।ਸਟੈਫਹਨ ਹਉਕਿੰਗ ਇੰਗਲੈਂਡ ਨਿਵਾਸੀ ਦੁਨੀਆ ਦੇ ਇੱਕ ਮਸ਼ਹੂਰ ਭੌਤਿਕ ਵਿਗਿਆਨੀ ਸਨ ਜੋ ਨਾ ਤਾਂ ਚਲ ਫਿਰ ਸਕਦੇ ਸਨ ਅਤੇ ਨਾ ਹੀ ਬੋਲ ਸਕਦੇ ਸਨ। ਹੈਲਨ ਐਡਮਜ਼ ਕੈਲਰ ਅਮਰੀਕਾ ਨਿਵਾਸੀ ਨੇ ਲਗਭਗ ਇੱਕ ਦਰਜਨ ਕਿਤਾਬਾਂ ਲਿਖੀਆਂ। ਇਹ ਲੇਖਕਾਂ ਗੂੰਗੀ-ਬੋਲੀ ਅਤੇ ਨੇਤਰਹੀਣ ਸੀ। ਸੀਤਲ ਦੇਵੀ ਨਿਵਾਸੀ ਜੰਮੂ-ਕਸ਼ਮੀਰ ਪਹਿਲੀ ਔਰਤ ਜਿਸ ਦੀਆਂ ਦੋਵੇਂ ਬਾਹਾਂ ਨਾ ਹੋਣ ਦੇ ਬਾਵਜੂਦ ਤੀਰ ਅੰਦਾਜ਼ੀ ਵਿੱਚ ਏਸ਼ੀਅਨ ਪੈਰਾਂ-ਉਲੰਪਿੰਗ ਖੇਡਾਂ 2023 ਵਿੱਚ 3 ਮੈਡਲ ਜਿੱਤੇ ਜਿੰਨਾ ਵਿੱਚੋ ਦੋ ਸੋਨੇ ਦੇ ਹਨ। ਅਰੁਣਾ ਸਿਨਹਾਂ ਉਤਰ ਪ?ਦੇਸ ਭਾਰਤ ਨਿਵਾਸੀ ਨੂੰ ਕੁਝ ਲੁਟੇਰਿਆਂ ਨੇ ਰੇਲ ਗੱਡੀ ਤੋਂ ਧੱਕਾ ਦੇ ਦਿੱਤਾ ਸੀ। ਰੇਲ ਗੱਡੀ ਹੇਠਾਂ ਆਉਣ ਕਾਰਨ ਉਸ ਦੀ ਇਕ ਲੱਤ ਕੱਟੀ ਗਈ। ਪਰ ਆਪਣੇ ਦਿੜ? ਇਰਾਦੇ ਨਾਲ ਉਸ ਨੇ ਇਸ ਦੁਰਘਟਨਾਂ ਤੋਂ ਦੋ ਸਾਲ ਬਾਅਦ ਮਾਊਟ ਐਵਰੈਸਟ ਫਤੇ ਕਰ ਲਈ। ਸੂਦਾ ਚੰਦਰਾ ਬੰਬਈ ਨਿਵਾਸੀ ਦੀ ਇੱਕ ਲੱਤ 16 ਸਾਲ ਦੀ ਉਮਰ ਚ ਕੱਟਣੀ ਪਈ। ਫਿਰ ਵੀ ਉਹ ਇੱਕ ਮਸ਼ਹੂਰ ਐਕਟ?ਸ ਤੇ ਕਲਾਸੀਕਲ ਡਾਸਰ ਹੈ। ਰਵਿੰਦਰਾ ਜੈਨ ਨਿਵਾਸੀ ਉਤਰ ਪ੍ਰਦੇਸ਼ ਨੇਤਰਹੀਣ ਹਨ ਅਤੇ ਇੱਕ ਮਸ਼ਹੂਰ ਮਿਊਜਿਕ ਡਇਰੈਕਟਰ ਹਨ। ਸ: ਰਜਿੰਦਰ ਸਿੰਘ ਰਹੇਲੂ ਨੂੰ ਪੋਲੀਓ ਹੋ ਗਿਆ ਸੀ। ਜਦੋਂ ਉਹ ਅੱਠ ਮਹੀਨੇ ਦੇ ਸਨ। ਉਹਨਾਂ ਨੇ ਸੰਨ 2004 ਦੀਆਂ ਪੈਰਾਂ-ਉਲੰਪਿੰਗ ਖੇਡਾਂ ਵਿੱਚ ਬਰੋਨ ਮੈਡਲ ਪਾਵਰ ਲਿਫਟਿੰਗ ਬੈਂਚ ਪ੍ਰੈਸ ਵਿੱਚ ਜਿੱਤਿਆਂ। ਉਹ ਪਿੰਡ ਮਹਿਸਾਮਪੁਰ ਜਿਲਾ ਜਲੰਧਰ ਪੰਜਾਬ ਦੇ ਨਿਵਾਸੀ ਹਨ। ਇਹਨਾਂ ਵਿਅਕਤੀਆਂ ਦੀਆਂ ਉਪਲਬਧੀਆਂ ਹੈਰਾਨੀਜਨਕ ਹਨ। ਸਾਡੇ ਦੇਸ਼ ਵਿੱਚ 21 ਤਰਾਂ ਦੀਆਂ ਬਿਮਾਰੀਆਂ ਤੋਂ ਪੀਰਤ ਲੋਕਾਂ ਨੂੰ ਵਿਕਲਾਂਗਤਾ ਦੀ ਸੂਚੀ ਵਿੱਚ ਸਾਮਲ ਕੀਤਾ ਗਿਆ ਹੈ। ਪਰੰਤੂ ਨੌਕਰੀਆਂ ਵਿੱਚ ਇਹਨਾਂ ਦਾ ਕੋਟਾਂ ਸਿਰਫ 4% ਰਾਖਵਾਂ ਹੈ। ਇਹ ਲੋਕ ਸਰੀਰਿਕ ਤੋਰ ਤੇ ਹਰੇਕ ਕੰਮ ਕਰਨ ਦੇ ਯੋਗ ਨਹੀਂ ਹੁੰਦੇ। ਸਰਕਾਰ ਨੂੰ ਚਾਹੀਦਾ ਹੈ ਕਿ ਨੌਕਰੀਆਂ ਵਿੱਚ ਇਹਨਾਂ ਦਾ ਕੋਟਾ ਵਧਾਇਆਂ ਜਾਵੇ। ਚਾਹੇ ਉਹ ਸਰਕਾਰੀ ਸੈਕਟਰ ਹੋਵੇ ਜਾਂ ਪਰਾਈਵੇਟ। ਪੰਜਾਬ ਸਰਕਾਰ ਨੂੰ ਇਹਨਾਂ ਦੀ ਪੈਨਸ਼ਨ 1500 ਰੁਪਏ ਤੋਂ ਵਧਾ ਕੁ ਘੱਟ ਤੋਂ ਘੱਟ 5000 ਰੁਪਏ ਕਰਨੀ ਚਾਹੀਦੀ ਹੈ। ਸਵੈਰੁਜ਼ਗਾਰ ਖੋਲਣ ਲਈ ਵਿਆਜ ਰਹਿਤ ਕਰਜਾ ਦੇਣਾ ਚਾਹੀਦਾ ਹੈ। ਇਹਨਾਂ ਦੇ ਬੱਚਿਆਂ ਨੂੰ ਵੀ ਨੌਕਰੀ ਵਿੱਚ ਰਾਖਵਾਂਕਰਨ ਮਿਲਣਾ ਚਾਹੀਦਾ ਹੈ। ਕਿਉਂਕਿ ਇਹਨਾਂ ਲਈ ਪਰਿਵਾਰ ਦਾ ਪਾਲਣ - ਪੋਸ਼ਣ ਕਰਨ , ਜਰੂਰਤਾਂ ਪੂਰੀਆਂ ਕਰਨ ਅਤੇ ਆਪਣੇ ਬੱਚਿਆਂ ਦੀ ਪੜਾਈ ਪੂਰੀ ਕਰਨ ਵਿੱਚ ਬਹੁਤ ਸਾਰੀਆਂ ਕਮੀਆਂ ਰਹਿ ਜਾਦੀਆਂ ਹਨ। ਸਮਾਜਿਕ ਤੋਰ ਤੇ ਵੀ ਇਹਨਾਂ ਨੂੰ ਰੋਜ਼ਮਰਾ ਬਹੁਤ ਸਾਰੀਆਂ ਪਰੇਸ਼ਾਨੀਆਂ ਸਹਿਣੀਆਂ ਪੈਦੀਆ ਹਨ। ਕੁਝ ਲੋਕ ਇਹਨਾਂ ਨੂੰ ਕੁਦਰਤ ਵੱਲੋਂ ਦਿੱਤੀ ਗਈ ਕਮਜ਼ੋਰੀ ਦਾ ਮਜਾਕ ਅਡਾਉਣ , ਇਹਨਾਂ ਦੀ ਜ਼ਮੀਨ ਜਾਇਦਾਦ ਦਾ ਨੁਕਸਾਨ ਕਰਨ ਹੜੱਪਣ ਆਦਿ ਦੀ ਤਾਂਘ ਵਿੱਚ ਹੁੰਦੇ ਹਨ, ਇਸ ਸੋਚ ਨਾਲ ਕਿ ਇਹਨਾਂ ਸਾਨੂੰ ਕੀ ਕਰ ਲੈਣਾ। ਸਰਕਾਰ ਨੂੰ ਚਾਹੀਦਾ ਹੈ ਇਹਨਾਂ ਦੀਆਂ ਮੁਸਕਲਾਂ ਦਾ ਹੱਲ ਕਰਨ ਲਈ ਇੱਕ ਸਪੈਸ਼ਲ ਸੈੱਲ ਨਿਯੁਕਤ ਕਰੇ। ਬੈਕਾਂ, ਸਰਕਾਰੀ ਪਾਈਵੇਟ ਦਫਤਰਾਂ ਆਦਿ ਵਿੱਚ ਇਹਨਾਂ ਲਈ ਕੰਮ ਕਰਵਾਉਣ ਲਈ ਸਪੈਸਲ ਖਿੜਕੀ ਹੋਣੀ ਚਾਹੀਦੀ ਹੈ। ਕਿਉਂਕਿ ਇਹਨਾਂ ਲਈ ਬਿਨਾਂ ਸਹਾਰੇ ਜਾਂ ਜਿਆਦਾ ਦੇਰ ਖਲਾਉਣਾ ਮੁਸ਼ਕਲ ਹੋ ਜਾਂਦਾ ਹੈ। ਕੋਈ ਵੀ ਸਰਕਾਰੀ ਗੈਰ-ਸਰਕਾਰੀ ਸਹੂਲਤ ਲੈਣ ਲਈ ਬਹੁਤ ਸਾਰੀ ਕਾਗਜ਼ੀ ਕਾਰਵਾਈ ਤੇ ਦਫਤਰਾਂ ਦੇ ਗੇੜੇ ਮਾਰਨੇ ਪੈਂਦੇ ਹਨ। ਜਦ ਕਿ ਇੱਕ ਵਿਕਲਾਂਗ ਵਿਅਕਤੀ ਲਈ ਚੱਲਣ-ਫਿਰਨ ,ਜਿਆਦਾ ਦੇਰ ਖਲਾਉਣ ਆਦਿ ਵਿੱਚ ਦਿੱਕਤ ਹੁੰਦੀ ਹੈ। ਕਾਗਜ਼ੀ ਕਾਰਵਾਈ ਸਰਲ ਤੇ ਘਰ ਬੈਠਿਆਂ ਦੀ ਹੋਣੀ ਚਾਹੀਦੀ ਹੈ। ਡਰਾਈਵਰ ਲਾਈਸੈਂਸ ਅਤੇ ਅਸਲਾ ਲਾਇਸੈਂਸ ਬਣਾਉਣ ਲਈ ਇਹਨਾਂ ਲੋਕਾਂ ਨੂੰ ਜਿਆਦਾਤਰ ਯੋਗ ਨਹੀ ਠਹਿਰਾਇਆ ਜਾਦਾ ਜੋ ਕਿ ਇਹਨਾਂ ਨਾਲ ਵੱਡੀ ਬੇਇਨਸਾਫੀ ਹੈ। ਡਾਕਟਰੀ ਮਾਇਨਾ ਕਰਵਾਂ ਕੇ ਯੋਗ ਵਿਅਕਤੀਆਂ ਨੂੰ ਡਰਾਈਵਿੰਗ ਲਾਇਸੰਸ ਤੇ ਅਸਲਾਂ ਲਾਇਸੈਂਸ ਜਰੂਰ ਦੇਣਾ ਚਾਹੀਦਾ ਹੈ। ਇਹਨਾਂ ਤੇ ਇਹਨਾਂ ਦੇ ਪਰਿਵਾਰ ਦੀ ਸੁਰੱਖਿਆ ਨੂੰ ਅੱਖੋ ਪਰੋਖੇ ਕਰਨਾ ਗਲਤ ਹੈ। ਜਿਆਦਾਤਰ ਇਹਨਾਂ ਨੂੰ ਲਾਚਾਰ ਤੇ ਅਯੋਗ ਹੀ ਸਮਝਿਆ ਜਾਦਾ ਹੈ। ਜਰੂਰੀ ਹੈ ਕਿ ਸਰਕਾਰ ਇਹਨਾਂ ਦੀ ਭਲਾਈ ਲਈ ਅਮਲੀ ਰੂਪ ਵਿੱਚ ਗੰਭੀਰਤਾਂ ਨਾਲ ਕਦਮ ਚੁੱਕੇ ਤਾਂ ਜੋ ਇਹ ਵੀ ਆਤਮ ਸਨਮਾਨ ਨਾਲ ਡਰ ਰਹਿਤ ਖੁਸ਼ਹਾਲ ਜਿੰਦਗੀ ਜੀਅ ਸਕਣ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

# ਗੁਰੂ ਨਾਨਕ ਦੇਵ ਜੀ ਦਾ ਵਿਗਿਆਨਕ ਦ੍ਰਿਸ਼ਟੀਕੋਣ



ਹਰਜਿੰਦਰ ਕੌਰ ਬਦੇਸ਼ਾ

ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਨਿਰਭਉ, ਨਿਰਵੈਰ ਅਤੇ ਸਰਬ—ਵਿਆਪਕ ਕਰਤਾ ਹੈ । ਇਸ ਹਿਸਾਬ ਨਾਲ ਉਸਦੇ ਸੰਸਾਰੀ ਜੀਵ ਵੀ ਸਾਰੇ ਨਿਰਵੈਰ ਅਤੇ ਸਿਰਜਕ ਸੋਚ ਵਾਲੇ ਹੀ ਹੋਣੇ ਚਾਹੀਦੇ ਹਨ। ਉਸ ਪ੍ਰਮਾਤਮਾ ਦੇ ਹੁਕਮ ਤੋਂ ਪਹਿਲਾਂ ਬ੍ਰਹਿਮੰਡ ਸੁੰਨ ਅਵਸਥਾ ਵਿੱਚ ਇੱਕ ਗੋਲੇ ਦੇ ਰੂਪ ਵਿੱਚ ਸੀ । ਉਦੋਂ ਨਾ ਧਰਤੀ, ਸੂਰਜ, ਚੰਦਰਮਾ ਅਤੇ ਤਾਰੇ ਸਨ। ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਵਿੱਚ ਵਿਗਿਆਨਕ ਤੱਤਾਂ ਦੀ ਬਹੁਤ ਭਰਮਾਰ ਹੈ। ਆਪ ਜਦੋਂ ਬ੍ਰਹਿਮੰਡ ਸੁੰਨ ਤੇ ਗੋਲੇ ਦੇ ਰੂਪ ਵਿੱਚ ਸੀ, ਉਸ ਬਾਰੇ ਫਰਮਾਉਂਦੇ ਹਨ:

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ॥ ੧॥
ਅੰਗ 1035

ਇਸ ਸਭ ਵਰਤਾਰੇ ਦਾ ਗਿਆਨ ਵਿਗਿਆਨ ਨੂੰ ਹੁਣ ਹੋਇਆ ਹੈ । ਗੁਰੂ ਜੀ ਨੇ ਬਾਣੀ ਰਾਹੀਂ ਸਭ ਕੁਝ ਆਪਣੇ ਸਮੇਂ ਵਿੱਚ ਦੱਸ ਦਿੱਤਾ ਸੀ ਜਿਸਨੂੰ ਤਾਰਾ ਵਿਗਿਆਨ ਹੁਣ ਸਿੱਧ ਕਰਦੇ ਹਨ । ਆਪਣੀ ਬਾਣੀ ਜਪੁਜੀ ਸਾਹਿਬ ਵਿੱਚ ਫਰਮਾਉਂਦੇ ਹਨ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਅੰਗ 05

ਗੁਰੂ ਜੀ ਦੀ ਦਿਬ—ਦ੍ਰਿਸ਼ਟੀ ਅਨੁਸਾਰ ਅਣਗਿਣਤ ਅਕਾਸ਼ ਧਰਤੀਆਂ ਆਦਿ ਹਨ ਪਰ ਮਨੁੱਖ ਦੀ ਗਿਣਤੀ ਇਸ ਸਭ ਨੂੰ ਪ੍ਰਗਟਾਉਣ ਲਈ ਅਸਮਰੱਥ ਹੈ । ਆਪ ਜੀ ਦਾ ਇਸ਼ਾਰਾ ਇੱਕ ਪ੍ਰਮਾਤਮਾ ਵੱਲ ਹੈ ਜੋ ਇੱਕ ਹੈ। ੧ਓ ਅਤੇ ਓਅੰਕਾਰ ਸ਼ਬਦ ਵੀ ਏਕੇ ਦੀ ਵਰਤੋਂ ਕਰਨ ਅਤੇ ਏਕੇ ਵਿੱਚ ਰਹਿਣ ਦਾ ਉਪਦੇਸ਼ ਦਿੰਦੇ ਹਨ । ਉਹ ਨਿਰੰਕਾਰ, ਨਿਰਵੈਰ, ਨਿਰਭਉ ਕਿਸੇ ਡਰ ਅਤੇ ਦਵੈਤ ਦਾ ਮੁਹਤਾਜ ਨਹੀਂ। ਆਪ ਫਰਮਾਉਂਦੇ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੇ ਚਾਨਣਿ ਸਭ ਮਹਿ ਚਾਨਣੁ ਹੋਇ ॥ ਅੰਗ 13

ਭਾਵ ਪ੍ਰਮਾਤਮਾ ਦੀ ਜੋਤ ਹਰ ਜੀਵ ਵਿੱਚ ਹੈ ਜਿਸ ਤੋਂ ਵਿਵੇਕ ਅਤੇ ਸ਼ੁਭ ਅਮਲਾਂ ਦੀ ਰੋਜ਼ ਦੀ ਜ਼ਿੰਦਗੀ ਵਿੱਚ ਵਰਤੋਂ ਨਾਲ ਗਿਆਨ ਅਤੇ ਉੱਚੀ ਸੋਚ ਦਾ ਚਾਨਣ ਹੁੰਦਾ ਹੈ ।

ਆਪ ਜੀ ਦਾ ਜਨਮ 1469 ਈ: ਵਿੱਚ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਹੋਇਆ। ਆਪ ਸੱਤ ਸਾਲ ਦੇ ਹੋਏ ਤਾਂ ਆਪ ਨੂੰ ਪਾਂਧੇ ਕੋਲ ਪੜ੍ਹਨ ਭੇਜਿਆ । ਆਪ ਨੇ ਓਮ ਸ਼ਬਦ ਸਿੱਖਦਿਆਂ ਉਸਦੇ ਅਰਥ ਡੂੰਘਾਈ ਵਿੱਚ ਜਾਨਣੇ ਚਾਹੇ ਜਿਹੜਾ ਸਾਨੂੰ ਇੱਕ ਸੁਨੇਹਾ ਹੈ ਕਿ ਅਧਿਆਪਕਾਂ ਵੱਲੋਂ ਪੜ੍ਹਾਉਣ ਦੇ ਕਾਰਜ ਵਿੱਚ ਚੇਤੰਨ ਰਹਿ ਕੇ ਪੜ੍ਹਾਇਆ ਜਾਵੇ ਕੇਵਲ ਰੱਟਾ ਨਾ ਹੋਵੇ ਤਾਂ ਕਿ ਵਿਦਿਆਰਥੀ ਆਪਣੇ ਮੰਤਵ ਤੋਂ ਭਟਕ ਨਾ ਜਾਣ ।

ਜਦੋਂ ਆਪ ਭੈਣ ਨਾਨਕੀ ਜੀ ਕੋਲ ਸੁਲਤਾਨਪੁਰ ਲੋਧੀ ਰਹਿਣ ਆ ਗਏ ਤਾਂ ਭਣਵੱਈਏ ਜੈ ਰਾਮ ਜੀ ਨੇ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਨੌਕਰੀ ਦਿਵਾਈ। ਆਪ ਪ੍ਰਮਾਤਮਾ ਦੀ ਯਾਦ ਵਿੱਚ ਰਹਿ ਕੇ ਤੇਰਾ ਤੇਰਾ ਕਹਿੰਦੇ ਸੌਦੇ ਤੋਲਦੇ ਰਹੇ। ਆਪ ਨੇ ਨਿਰਛੱਲ ਚਿਹਰੇ ਨੂੰ ਦੇਖਦਿਆਂ ਨਵਾਬ ਨੇ ਕਿਹਾ—ਇਹ ਕੰਮ ਕਿਵੇਂ ਨਿਭਾਉਣਗੇ ?

ਗੁਰੂ ਜੀ ਨੇ ਕਿਹਾ— ਸਭ ਕੰਮ ਪ੍ਰਮਾਤਮਾ ਦੇ ਹਨ, ਉਹੋ ਹੀ ਆਦਮੀ ਦਾ ਉੱਦਮ ਸਫ਼ਲ ਕਰਨ ਵਾਲਾ ਹੈ । ਆਪ ਦੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਦਿਆਂ ਐਸੀ ਪਿਰਤ ਪਈ ਕਿ ਸਾਰੇ ਕੰਮ ਸਮੇਂ ਸਿਰ ਹੋਣ ਲੱਗੇ । ਆਪ ਨੇ ਸੰਸਾਰਿਕ ਜੀਵਾਂ ਨੂੰ ਮਾਨਵਤਾ ਅਹਿਸਾਸ ਕਰਵਾਉਣ ਤੇ ਵਹਿਮਾਂ—ਭਰਮਾਂ, ਜਾਤ—ਪਾਤ ਦੀਆਂ ਦੁਬਿਤਾਵਾਂ ਵਿੱਚੋਂ ਕੱਢਣ ਲਈ ਚਾਰ ਉਦਾਸੀਆਂ ਕੀਤੀਆਂ । ਖੁਦ ਤੁਰ ਕੇ ਹਰ ਇਲਾਕੇ ਵਿੱਚੋਂ ਲੰਘਦਿਆਂ ਮਾਨਵਤਾ ਅਤੇ ਸੱਚ ਨੂੰ ਹਰ ਮਨੁੱਖ ਵੱਲੋਂ ਅਪਨਾਉਣ ਲਈ ਨਿਵੇਕਲੇ ਢੰਗ ਨਾਲ ਸੰਗਤਾਂ ਨੂੰ ਜੋੜਿਆ ਵੀ ਅਤੇ ਜਗਾਇਆ ।

ਜਦੋਂ ਆਪ ਜਗਨਨਾਥ ਪੁਰੀ ਗਏ ਤਾਂ ਉਸ ਸਮੇਂ ਮੰਦਰ ਵਿੱਚ ਹਵਨ ਸਮੱਗਰੀ ਨਾਲ ਆਰਤੀ ਹੋ ਰਹੀ ਸੀ । ਆਪ ਭਾਈ ਮਰਦਾਨੇ ਹੁਣਾਂ ਨਾਲ ਖੁੱਲ੍ਹੇ ਆਕਾਸ਼ ਵਿੱਚ ਬੈਠ ਗਏ ਅਤੇ ਪ੍ਰਮਾਤਮਾ ਦੀ ਹਰ ਵੇਲੇ ਕੁਦਰਤੀ ਹੋ ਰਹੀ ਆਰਤੀ ਦਾ ਸ਼ਬਦ ਉਚਾਰਦੇ ਹਨ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ
ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥
1॥ ਅੰਗ 13


ਕਿ ਪ੍ਰਮਾਤਮਾ ਦੀ ਹਰ ਵੇਲੇ ਹੋ ਰਹੀ ਆਰਤੀ ਵਿੱਚ ਗਗਨ ਥਾਲ ਅਤੇ ਉਸ ਵਿੱਚ ਚੰਦ ਅਤੇ ਸੂਰਜ ਦੋ ਦੀਪਕ ਅਤੇ ਤਾਰੇ ਮੋਤੀਆਂ ਦੀ ਲੜੀ ਸਮਾਨ ਹਨ। ਧੂਫਬੱਤੀ ਦੀ ਥਾਂ ਹਵਾ ਹਰ ਵੇਲੇ ਵੰਨ—ਸੁਵੰਨੀ ਬਨਸਪਤੀ ਦੀ ਮਹਿਕ ਖਿਲਾਰ ਰਹੀ ਹੈ। ਹੇ ਪ੍ਰਮਾਤਮਾ ਤੇਰੀ ਹਰ ਵੇਲੇ ਹੋ ਰਹੀ ਆਰਤੀ ਸਾਨੂੰ ਕੁਦਰਤੀ ਨਿਆਮਤਾਂ ਦੀ ਸੰਭਾਲ ਲਈ ਵੀ ਚੇਤੰਨ ਕਰਦੀ ਹੈ। ਗੁਰੂ ਜੀ ਨੇ ਨਵੇਂ ਸਮਾਜ ਦੀ ਸਿਰਜਨਾ ਕਰਦਿਆਂ ਮਨੁੱਖੀ ਅਧਿਕਾਰਾਂ ਅਤੇ ਹੱਕਾਂ ਦੀ ਨੀਂਹ ਬਰਾਬਰਤਾ ਅਤੇ ਇਕਸਾਰਤਾ ਉੱਪਰ ਰੱਖੀ। ਕਿਰਤ ਦੀ ਸੁੱਚਤਾ ਦਰਸਾਉਂਦਿਆਂ ਮਲਕ ਭਾਗੋ ਵੱਲੋਂ ਬ੍ਰਹਮ ਭੋਜ ਨੂੰ ਛੱਡ ਕੇ ਭਾਈ ਲਾਲੋ ਕੋਲੋਂ ਕੋਧਰੇ ਦਾ ਪ੍ਰਸ਼ਾਦਾ ਛੱਕ ਕੇ ਉੱਚੀ ਸੋਚ ਅਤੇ ਸਾਦੇ ਜੀਵਨ ਦਾ ਪ੍ਰਤੱਖ ਪ੍ਰਮਾਣ ਦਿੱਤਾ । ਆਪ ਅਨੁਸਾਰ ਕੋਈ ਵੀ ਕਿੱਤੇ ਨੂੰ ਉੱਤਮ, ਮੱਧਮ ਜਾਂ ਨਖਿੱਧ ਨਾ ਕਹੋ । ਆਪ ਨੇ ਔਰਤ ਮਰਦ ਦੀ ਬਰਾਬਰਤਾ ਨੂੰ ਦਰਸਾਇਆ, ਫਰਮਾਉਂਦੇ ਹਨ : ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਅੰਗ 473 ਜਦੋਂ ਗੁਰੂ ਜੀ 15000 ਫੁੱਟ ਉਚਾਈ ਤੇ ਪਹਾੜਾਂ ਦੀਆਂ ਗੁਫ਼ਾਵਾਂ ਵਿੱਚ ਬੈਠੇ, ਸਿੱਧਾਂ ਕੋਲ ਗਏ । ਸਮਝਾਇਆ ਕਿ ਸੰਸਾਰ ਉੱਪਰ ਜਾਲਮਾਂ ਦੇ ਹੌਸਲੇ ਵੱਧ ਰਹੇ ਹਨ ਤੁਸੀਂ ਸੰਸਾਰ ਤੋਂ ਮੂੰਹ ਮੋੜ ਕੇ ਲੁਕ ਕੇ ਬੈਠੇ ਹੋ। ਗ੍ਰਹਿਸਤੀ ਜੀਵਨ ਗੁਜਾਰਦਿਆਂ ਪ੍ਰਮਾਤਮਾ ਨੂੰ ਹਰ ਪਲ ਧਿਆਉਂਦੇ ਦੁਨੀਆਂ ਦੇ ਕਾਰਜ ਕਰੋ । ਜਦੋਂ ਹਰਿਦੁਆਰ ਗਏ ਦੇਖਿਆ ਕਿ ਲੋਕ ਗੰਗਾ ਨਦੀ ਚੋਂ ਸੂਰਜ ਵੱਲ ਪਿੱਤਰਾਂ ਨੂੰ ਪਾਣੀ ਝੱਟ ਰਹੇ ਨੇ । ਆਪ ਨੇ ਕਰਤਾਰਪੁਰ ਵੱਲ ਪਾਣੀ ਝੱਟਣਾ ਸ਼ੁਰੂ ਕੀਤਾ। ਉਹਨਾਂ ਕਿਹਾ ਕਿ ਤੁਹਾਡੇ ਏਨੀ ਦੂਰ ਖੇਤਾਂ ਨੂੰ ਪਾਣੀ ਨਹੀਂ ਪਹੁੰਚੇਗਾ । ਆਪ ਨੇ ਸਮਝਾਇਆ ਕਿ ਤੁਹਾਡਾ ਪਾਣੀ ਕਰੋੜਾਂ ਮੀਲਾਂ ਤੇ ਕਿਵੇਂ ਪਹੁੰਚੇਗਾ । ਸੋ ਵਹਿਮ ਭਰਮ ਤਿਆਗ ਕੇ ਸ਼ੁਭ ਕਰਮ ਕਰੋ ।

ਆਪ ਨੇ ਮਨੁੱਖਤਾ ਨੂੰ ਹੱਕ ਹਲਾਲ ਦੀ ਕਮਾਈ ਕਰਨ ਲਈ ਕਿਹਾ। ਆਪ ਅਨੁਸਾਰ ਮੁਸਲਮਾਨ ਲਈ ਪਰਾਇਆ ਹੱਕ ਸੂਅਰ ਖਾਣ ਸਮਾਨ ਹੈ ਅਤੇ ਹਿੰਦੂਆਂ ਲਈ ਗਾਂ ਖਾਣ ਸਮਾਨ ਹੈ ਕਿਉਂਕਿ ਇਹ ਉਹਨਾਂ ਦੇ ਧਰਮਾਂ 'ਚ ਸ਼ੁੱਧ ਮੰਨੇ ਜਾਂਦੇ ਹਨ। ਫਰਮਾਉਂਦੇ ਹਨ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਅੰਗ 141

ਆਪ ਜੀ ਨੇ ਚਾਰ ਉਦਾਸੀਆਂ ਤੋਂ ਬਾਅਦ ਆਖਰੀ ਸਾਲਾਂ ਵਿੱਚ ਕਰਤਾਰਪੁਰ ਰਹਿ ਕੇ ਹੱਥੀਂ ਖੇਤੀ ਕੀਤੀ। ਆਪ ਅਨੁਸਾਰ ਕਿਰਤ ਤੋਂ ਟੁੱਟਿਆ ਮਨੁੱਖ ਜਾਂ ਸਮਾਜ ਕੇਵਲ ਗਰੀਬੀ ਅਧੀਨਗੀ ਅਤੇ ਮੰਗਤਾ ਬਿਰਤੀ ਵਾਲਾ ਬਣ ਕੇ ਰਹਿ ਜਾਂਦਾ ਹੈ । ਆਪ ਨੇ ਤਿੰਨ ਸਿਧਾਂਤ ਦਿੱਤੇ — ਕਿਰਤ ਕਰੋ, ਨਾਮ ਜਪੋ, ਵੰਡ ਛਕੋ । ਗੁਰੂ ਜੀ ਅਨੁਸਾਰ ਸਵਾਲ ਕਿਤਨਾ ਵੀ ਤਿੱਖਾ, ਚੁੱਭਵਾਂ ਤੇ ਨਿੱਜੀ ਹੋਵੇ, ਉੱਤਰ ਦੇਣ ਵਾਲੇ ਨੂੰ ਠਰੰਮਾ ਨਹੀਂ ਛੱਡਣਾ ਚਾਹੀਦਾ ।

ਸੋ ਗੁਰੂ ਜੀ ਦਾ ਹੀ ਮਹਾਨ ਕੰਮ ਹੈ, ਜਿਹਨਾਂ ਸਮਾਜ ਵਿੱਚ ਸੁਧਾਰ ਲਿਆਉਣ ਲਈ ਸੱਚੇ, ਸੁੱਚੇ ਅਸੂਲ ਵਰਤੇ ਅਤੇ ਬੁਨਿਆਦ ਰੱਖ ਕੇ ਉਸਾਰੂ ਅਤੇ ਨਰੋਈ, ਕੌਮੀਅਤ ਦੀ ਨੀਂਹ ਰੱਖੀ, ਜਿਸ ਵਿੱਚ ਕੋਈ ਉਚ—ਨੀਚ ਨਾ ਹੋਵੇ। ਆਪ ਅਨੁਸਾਰ ਸਾਨੂੰ ਦੁਨੀਆਂ ਤੋਂ ਨੱਸਣਾ ਨਹੀਂ ਸਗੋਂ ਜਿੰਮੇਵਾਰੀਆਂ ਨਿਭਾਉਂਦਿਆਂ ਪ੍ਰਮਾਤਮਾ ਨਾਲ ਵੀ ਧਿਆਨ ਜੋੜੀ ਰੱਖਣਾ ਚਾਹੀਦਾ ਹੈ। ਧਾਰਮਿਕ ਖਿਆਲਾਂ ਦੀ ਏਕਤਾ ਰੱਖਣ ਨਾਲ ਸਮਾਜ—ਆਰਥਿਕ, ਸਮਾਜਿਕ, ਧਾਰਮਿਕ ਅਤੇ ਮਾਨਸਿਕ ਪੱਖ ਤੋਂ ਮਜ਼ਬੂਤ ਹੁੰਦਾ ਹੈ। ਸੋ ਆਪ ਜੀ ਨੇ ਜ਼ਿੰਦਗੀ ਵਿੱਚ ਵਿਗਿਆਨਕ ਪੱਖ ਦੇ ਕੇ ਹਰ ਅਮਲ ਅਤੇ ਕਰਮ ਵਿੱਚ ਆਪਣੀ ਸਮੂਲੀਅਤ ਨਾਲ ਮਨੁੱਖ ਨੂੰ ਸ਼ੁਭ ਅਮਲਾਂ ਤੇ ਜਿਊਣਾ ਸਿਖਾਇਆ ।



# ਸਰੀ ਵਿਖੇ ਪਿਕਸ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਯੂਨੀਅਨ ਦਫਤਰ ਦਾ ਉਦਘਾਟਨ

ਸਰੀ (ਹਰਦਮ ਮਾਨ)- ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ (ਪਿਕਸ) ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਮਦਦ ਕਾਰਜ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਆਪਣੀ ਇਮਾਰਤ ਵਿੱਚ ਇੰਟਰਨੈਸ਼ਨਲ ਸਟੂਡੈਂਟ ਯੂਨੀਅਨ (ISU) ਦਾ ਦਫਤਰ ਸਥਾਪਿਤ ਕੀਤਾ ਗਿਆ ਹੈ। ਇਸ ਦਫਤਰ ਦਾ ਉਦਘਾਟਨ ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਵੈਨਕੂਵਰ ਵਿੱਚ ਭਾਰਤ ਦੇ ਕੌਂਸਲ ਜਨਰਲ ਮਿਸਟਰ ਮਨੀਸ਼, ਸਰੀ ਬੋਰਡ ਆਫ਼ ਟਰੇਡ ਦੇ ਪ੍ਰਧਾਨ ਅਨੀਤਾ ਹਬਰਮੈਨ, ਪਿਕਸ ਦੇ ਸੀਈਓ ਸਤਬੀਰ ਚੀਮਾ, ਆਈਐਸਯੂ ਦੇ ਪ੍ਰਧਾਨ ਜਸ਼ਨਪ੍ਰੀਤ ਸਿੰਘ, ਪਿਕਸ ਬੋਰਡ ਦੇ ਮੈਂਬਰ ਅਤੇ ਸੁਸਾਇਟੀ ਦੇ ਹੋਰ ਆਗੂ ਮੌਜੂਦ ਸਨ। ਇਸ ਮੌਕੇ ਬੋਲਦਿਆਂ ਮੇਅਰ ਬ੍ਰੈਂਡਾ ਲੌਕ ਨੇ ਅੰਤਰਰਾਸ਼ਟਰੀ ਵਿਦਿਆਰਥੀ ਯੂਨੀਅਨ ਨੂੰ ਇਹ ਸਪੇਸ, ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਨ ਲਈ ਪਿਕਸ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਯਕੀਨਨ ਉਨ੍ਹਾਂ ਹਜ਼ਾਰਾਂ ਵਿਦਿਆਰਥੀਆਂ ਨੂੰ ਰੁਜ਼ਗਾਰ ਅਤੇ ਪ੍ਰਬੰਧਕੀ ਸੇਵਾਵਾਂ ਪ੍ਰਦਾਨ ਕਰੇਗਾ ਜੋ ਸਰੀ ਨੂੰ ਆਪਣਾ ਘਰ ਕਹਿੰਦੇ ਹਨ। ਇਹ ਨੌਜਵਾਨ ਆਪਣੇ ਭਵਿੱਖ ਲਈ ਉਮੀਦਾਂ ਅਤੇ ਵਾਅਦਿਆਂ ਨਾਲ ਸਾਡੇ ਦੇਸ਼ ਵਿੱਚ ਆਉਂਦੇ ਹਨ। ਪਿਕਸ ਦਾ ਇਹ ਕਦਮ ਵਿਦਿਆਰਥੀਆਂ ਨੂੰ ਸਰੋਤ ਲੱਭਣ, ਸੱਭਿਆਚਾਰਕ ਨਿਯਮਾਂ ਨੂੰ ਸਮਝਣ ਅਤੇ ਸੁਰੱਖਿਅਤ ਰੱਖਣ ਵਿੱਚ ਮਦਦਗਾਰ ਸਾਬਤ ਹੋਵੇਗਾ। ਕੌਂਸਲ ਜਨਰਲ ਮਨੀਸ਼ ਨੇ ਕਿਹਾ ਕਿ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਲਗਭਗ 25% ਬ੍ਰਿਟਿਸ਼ ਕੋਲੰਬੀਆ ਵਿੱਚ ਆਉਂਦੇ ਹਨ ਅਤੇ ਉਹਨਾਂ ਵਿੱਚੋਂ ਇੱਕ ਵੱਡਾ ਹਿੱਸਾ ਗ੍ਰੇਟਰ ਵੈਨਕੂਵਰ ਖੇਤਰ ਦੇ ਆਲੇ-ਦੁਆਲੇ ਵਸਦਾ ਹੈ। ਪਿਕਸ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਪਸੀ ਸਾਂਝੇਦਾਰੀ ਬਣਾਉਣ ਅਤੇ ਸਲਾਹ ਪ੍ਰਦਾਨ ਕਰਨ ਲਈ ਕੀਤੀ ਗਈ ਇਹ ਪਹਿਲ ਸ਼ਲਾਘਾਯੋਗ ਹੈ। ਪਿਕਸ ਦੇ ਸੀ.ਈ.ਓ. ਅਤੇ ਪ੍ਰਧਾਨ ਸਤਬੀਰ ਚੀਮਾ ਨੇ ਕਿਹਾ ਕਿ ਸੀਮਤ ਸਰਕਾਰੀ ਫੰਡਿੰਗ ਦੀਆਂ ਚੁਣੌਤੀਆਂ ਦੇ ਬਾਵਜੂਦ, ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੀ ਮਦਦ ਲਈ ਵਚਨਬੱਧ ਰਹੇ ਹਾਂ, ਉਹਨਾਂ ਲਈ ਨੌਕਰੀਆਂ ਸੁਰੱਖਿਅਤ ਕਰਨ ਅਤੇ ਕੈਨੇਡਾ ਵਿੱਚ ਸਫਲਤਾਪੂਰਵਕ ਸੈਟਲ ਹੋਣ ਵਿੱਚ ਮਦਦ ਕਰਨ ਲਈ ਪਿਕਸ ਵੱਲੋਂ 8 ਵੱਖ ਵੱਖ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਪਿਕਸ ਦੀ ਇਮਾਰਤ ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਯੂਨੀਅਨ ਨੂੰ ਇਕ ਸਮਰਪਿਤ ਜਗ੍ਹਾ ਪ੍ਰਦਾਨ ਕਰਨ ਦੀ ਇਹ ਪਹਿਲਕਦਮੀ ਸਾਡੇ ਪ੍ਰਭਾਵ ਨੂੰ ਵਧਾਉਣ ਦੀ ਨਿਸ਼ਾਨਦੇਹੀ ਕਰਦੀ ਹੈ। ਸਾਨੂੰ ਉਮੀਦ ਹੈ ਕਿ ਇਹ ਸਹਿਯੋਗੀ ਯਤਨ ਸਾਡੇ ਮਿਸ਼ਨ ਨੂੰ ਅੱਗੇ ਵਧਾਏਗਾ ਅਤੇ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਫਲਤਾ ਅਤੇ ਆਪਸੀ ਸਾਂਝ ਨੂੰ ਉਤਸ਼ਾਹਿਤ ਕਰੇਗਾ। ਸਰੀ ਬੋਰਡ ਆਫ਼ ਟਰੇਡ ਦੇ ਪ੍ਰਧਾਨ ਅਨੀਤਾ ਹਿਊਬਰਮੈਨ ਨੇ ਕਿਹਾ ਕਿ ਪਿਕਸ ਦਾ ਕਦਮ ਦਰਸਾਉਂਦਾ ਹੈ ਕਿ ਪਿਕਸ ਵਿਦਿਆਰਥੀਆਂ ਲਈ ਇੱਕ ਸਹਾਇਕ ਈਕੋਸਿਸਟਮ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਅੰਤਰਰਾਸ਼ਟਰੀ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਜਸ਼ਨਪ੍ਰੀਤ ਸਿੰਘ ਨੇ ਪਿਕਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਸਥਾਨਕ ਭਾਈਚਾਰੇ ਦੇ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਾੜੇ ਨੂੰ ਭਰਨਾ ਚਾਹੁੰਦੇ ਹਾਂ। ਪਿਕਸ, ਸਿਟੀ ਆਫ ਸਰੀ ਅਤੇ ਸਰੀ ਬੋਰਡ ਆਫ ਟਰੇਡ ਦਾ ਸਮਰਥਨ ਸਾਡੇ ਲਈ ਬਹੁਤ ਮਾਇਨੇ ਰੱਖਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਡੀਅਨ ਕੌਂਸਲੇਟ ਅਧਿਕਾਰੀ ਰਾਹੁਲ ਨੇਗੀ, ਇਵਾਨ ਸਕੌਟ, ਪਰਮਿੰਦਰ ਥਿੰਦ, ਡਾ. ਜਸਵਿੰਦਰ ਸਿੰਘ ਦਿਲਾਵਰੀ, ਅੰਮ੍ਰਿਤ ਢੋਟ, ਹੈਰੀ ਕੂਨਰ, ਹਰਪ੍ਰੀਤ ਸਿੰਘ ਤੇ ਸਟੂਡੈਂਟਸ ਯੂਨੀਅਨ ਦੇ ਆਗੂ ਹਾਜ਼ਰ ਸਨ।
















# ਸਤਨਾਮ ਸਿੰਘ ਢਾਅ ਦੀ ਪੁਸਤਕ ‘ਰੰਗ ਆਪੋ ਆਪਣੇ’

ਪੰਜਾਬ ਵਿੱਚ ਸਦੀਆਂ ਤੋਂ ਇੱਕਪਾਸੀ ਪ੍ਰਵਚਨੀ ਪ੍ਰੰਪਰਾ ਚੱਲੀ ਆਈ ਸੀ। ਇਸ ਵਿੱਚ ਉੱਚੇ ਥੜ੍ਹੇ ਉੱਤੇ ਬੈਠਾ ਸਿਆਣਾ ਪ੍ਰਵਚਨ ਕਰਦਾ ਸੀ ਤੇ ਮੂਕ ਸਰੋਤੇ ਸੁਣਦੇ ਸਨ ਤੇ ਸੰਤੁਸ਼ਟ ਹੋ ਜਾਂਦੇ ਸਨ। ਜਗਿਆਸੂ ਸਰੋਤਿਆਂ ਦੇ ਸਵਾਲ ਪੁੱਛਣ ਅਤੇ ਗਿਆਨਵਾਨ ਦੇ ਉੱਤਰ ਦੇਣ ਦੀ ਕੋਈ ਰੀਤ ਨਹੀਂ ਸੀ। ਦੋ ਜਾਂ ਵੱਧ ਬੰਦਿਆਂ ਦੇ ਸੰਵਾਦ ਨੂੰ ਮਹੱਤਵ ਦੇਣ ਦਾ ਮਾਣ ਸਾਡੇ ਸੂਫ਼ੀ ਸੰਤਾਂ, ਭਗਤਾਂ ਤੇ ਗੁਰੂ ਸਾਹਿਬਾਨ ਨੂੰ ਜਾਂਦਾ ਹੈ। ਬਾਬਾ ਬੁੱਲ੍ਹੇ ਸ਼ਾਹ ਆਖਦੇ ਹਨ, “ਰਲ ਫ਼ਕੀਰਾਂ ਮਜਲਸ ਕੀਤੀ...।” ਵਾਰਿਸ ਸ਼ਾਹ ਹੀਰ ਦੇ ਇਸ਼ਕ ਦੇ ਕਿੱਸੇ ਦਾ ਆਨੰਦ ਲੈਣਾ ਲਈ “ਯਾਰਾਂ ਨਾਲ ਮਜਾਲਸਾਂ ਵਿੱਚ ਬਹਿ ਕੇ” ਪੜ੍ਹਨ ਦੀ ਸਲਾਹ ਦਿੰਦੇ ਹਨ। ਸੰਤਾਂ, ਭਗਤਾਂ ਤੇ ਗੁਰੂ ਸਾਹਿਬਾਨ ਨੇ ਸੰਵਾਦ ਲਈ ਬਹੁਤ ਖ਼ੂਬਸੂਰਤ ਸ਼ਬਦ ਗੋਸ਼ਟਿ ਵਰਤਿਆ।

ਇਸੇ ਪ੍ਰੰਪਰਾ ਦੇ ਵਰਤਮਾਨ ਸਵਾਲ-ਜਵਾਬੀ ਰੂਪ ਨੂੰ ਇੰਟਰਵਿਊ, ਸਾਖਿਆਤਕਾਰ, ਮੁਲਾਕਾਤ, ਆਦਿ ਦਾ ਨਾਂ ਮਿਲਿਆ। ਕਈ ਵਾਰ ਮੁਲਾਕਾਤੀ ਸਵਾਲ ਪਹਿਲਾਂ ਹੀ ਲਿਖ ਕੇ ਲੈ ਜਾਂਦਾ ਹੈ ਤੇ ਉਹਨਾਂ ਦੇ ਜਵਾਬਾਂ ਨਾਲ ਸੰਤੁਸ਼ਟ ਹੋ ਜਾਂਦਾ ਹੈ। ਅਜਿਹੀ ਮੁਲਾਕਾਤ ਨੀਰਸ ਤੇ ਪੱਤਰਕਾਰਾਨਾ ਬਣ ਕੇ ਰਹਿ ਜਾਂਦੀ ਹੈ। ਸਾਹਿਤਕ ‘ਮੁਲਾਕਾਤ’ ਉਸੇ ਨੂੰ ਕਿਹਾ ਜਾ ਸਕਦਾ ਹੈ ਜੋ ਸੱਚੇ ਅਰਥਾਂ ਵਿੱਚ ‘ਮੁਲਾਕਾਤ’ ਹੋਵੇ, ਭਾਵ ਜੋ ਦੋਵਾਂ ਵਿਚਕਾਰ ਸੁਭਾਵਿਕ ਗੱਲਬਾਤ ਹੋਵੇ ਅਤੇ ਸੁਭਾਵਿਕ ਗੱਲਬਾਤ ਵਾਂਗ ਹੀ ਜਵਾਬਾਂ ਵਿੱਚੋਂ ਨਵੇਂ ਸਵਾਲ ਨਿੱਕਲਦੇ ਰਹਿਣ ਤੇ ਉਹ ਨਵੇਂ ਜਵਾਬ ਸਾਹਮਣੇ ਲਿਆਉਂਦੇ ਰਹਿਣ। ਸਤਨਾਮ ਸਿੰਘ ਢਾਅ ਦੀ ਪੁਸਤਕ ‘ਰੰਗ ਆਪੋ ਆਪਣੇ’ ਵਿੱਚ ਸ਼ਾਮਿਲ ‘ਮੁਲਾਕਾਤਾਂ’ ਇਸੇ ਸੰਵਾਦੀ ਸੁਭਾਅ ਵਾਲੀਆਂ ਹਨ। ਬਹੁਤ ਵਾਰ ਜਵਾਬ ਵਿੱਚੋਂ ਨਵੇਂ ਸਵਾਲ ਨਿੱਕਲਦੇ ਹਨ ਤੇ ਇਉਂ ਗੱਲ ਵਾਸਤੇ ਪਹਿਲਾਂ ਤੋਂ ਮਿਥੇ ਕਿਸੇ ਚੌਖਟੇ ਵਿੱਚ ਬੰਦ ਰਹਿਣ ਦੀ ਥਾਂ ਖੁੱਲ੍ਹੀ ਉਡਾਰੀ ਭਰਨ ਦੀ ਸੰਭਾਵਨਾ ਤੇ ਖੁੱਲ੍ਹ ਬਣੀ ਰਹਿੰਦੀ ਹੈ। ਜਿਨ੍ਹਾਂ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨਾਲ ਮੁਲਾਕਾਤ ਕੀਤੀ ਗਈ ਹੈ, ਭਾਵੇਂ ਉਹਨਾਂ ਦਾ ਨਾਂ ਮੁੱਖ ਰੂਪ ਵਿੱਚ ਕਿਸੇ ਇੱਕ ਖੇਤਰ ਨਾਲ ਜੁੜਿਆ ਹੋਇਆ ਹੈ, ਪਰ ਢਾਅ ਉਸੇ ਖੇਤਰ ਤੱਕ ਸੀਮਤ ਨਹੀਂ ਰਿਹਾ। ਉਹਨੇ ਸੰਬੰਧਿਤ ਵਿਅਕਤੀ ਦੇ ਭਰਪੂਰ ਦਰਸ਼ਨ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ।




ਇਸ ਪੁਸਤਕ ਦੀ ਇੱਕ ਜ਼ਿਕਰਜੋਗ ਗੱਲ ਇਹ ਹੈ ਕਿ ਇਹ ਸ਼ਬਦ ਦੇ ਖੇਤਰ, ਭਾਵ ਸਾਹਿਤ ਤੇ ਪੱਤਰਕਾਰੀ ਤੋਂ ਬਾਹਰ ਜਾ ਕੇ ਹੋਰ ਖੇਤਰਾਂ ਦੀਆਂ ਸ਼ਖ਼ਸੀਅਤਾਂ ਤੱਕ ਵੀ ਪਹੁੰਚਦੀ ਹੈ। ਸੰਬੰਧਿਤ ਵਿਅਕਤੀ ਦੀ ਤਸਵੀਰ, ਹੱਥ-ਲਿਖਤ ਤੇ ਖਾਸ ਕਰ ਕੇ ਉਹਦੀ ਜਾਣ-ਪਛਾਣ ਕਰਵਾਉਂਦੀ ਸੰਖੇਪ ਲਿਖਤ ਸੁਆਦੀ ਭੋਜਨ ਤੋਂ ਪਹਿਲਾਂ ਵਾਲੇ ਸੂਪ ਵਾਂਗ ਮੁਲਾਕਾਤ ਪੜ੍ਹਨ ਲਈ ਪਾਠਕ ਦੀ ਭੁੱਖ ਨੂੰ ਤਿੱਖੀ ਕਰ ਦਿੰਦੀਆਂ ਹਨ। ਜਿੱਥੇ ਸਾਹਿਤ ਤੇ ਪੱਤਰਕਾਰੀ ਨਾਲ ਸੰਬੰਧਿਤ ਮੁਲਾਕਾਤਾਂ ਤੋਂ ਸਤਨਾਮ ਸਿੰਘ ਢਾਅ ਦੇ ਰਸੀਆ ਪਾਠਕ ਹੋਣ ਦਾ ਪਤਾ ਲੱਗਦਾ ਹੈ, ਉਥੇ ਬਾਕੀ ਮੁਲਾਕਾਤਾਂ ਉਹਦੀ ਵਰਤਮਾਨ ਸਮਾਜਕ ਹਾਲਤ ਵਿੱਚ ਡੂੰਘੀ ਦਿਲਸਚਪੀ ਨੂੰ ਉਜਾਗਰ ਕਰਦੀਆਂ ਹਨ। ਉਹਦੀ ਸਮਾਜਕ ਸੋਚ ਅਤੇ ਵਿਚਾਰਧਾਰਾ ਤਾਂ ਪੁਸਤਕ ਦੇ ਪਾਠ ਦੀ ਸ਼ੁਰੂਆਤ ਤੋਂ ਵੀ ਪਹਿਲਾਂ ਦਿੱਲੀ ਦੀ ਦੇਹ਼ਲੀ ਉੱਤੇ ਸ਼ਹੀਦ ਹੋਏ ਸੰਘਰਸ਼ੀ ਕਿਸਾਨਾਂ ਨੂੰ ਸਮਰਪਨ ਤੋਂ ਹੀ ਸਪੱਸ਼ਟ ਹੋ ਜਾਂਦੀ ਹੈ।

ਢਾਅ ਦੀ ਮੁਲਾਕਾਤਾਂ ਦੀ ਇਹ ਤੀਜੀ ਪੁਸਤਕ ਹੈ। ਇਸ ਪੜਾਅ ਉੱਤੇ ਇੱਕ ਮੁਲਾਕਾਤੀ ਵੱਜੋਂ ਉਸ ਦੀ ਕਲਮ ਵਿੱਚ ਪਕਿਆਈ ਆ ਜਾਣੀ ਸੁਭਾਵਿਕ ਸੀ। ਮੁਲਾਕਾਤੀ ਵੱਜੋਂ ਉਹਦਾ ਇੱਕ ਹੋਰ ਗੁਣ ਸੁਹਿਰਦਤਾ ਹੈ। ਨਿਘੋਚਾਂ ਤੇ ਕਿੜਾਂ ਕੱਢਣ ਵਾਲੀਆਂ ਮੁਲਾਕਾਤਾਂ ਸਿਆਸਤ ਵਰਗੇ ਖੇਤਰ ਵਿੱਚ ਤਾਂ ਹੋ ਸਕਦੀਆਂ ਹਨ, ਸਾਹਿਤ ਤੇ ਕਲਾ ਦੇ ਦੁਆਰ ਜੁੱਤੀ ਬਾਹਰ ਉਤਾਰ ਕੇ ਨੰਗੇ ਪੈਰੀਂ ਜਾਣਾ ਹੀ ਸ਼ੋਭਦਾ ਹੈ। ਇਹ ਮੁਲਾਕਾਤਾਂ ਇਸੇ ਭਾਵਨਾ ਨਾਲ ਕੀਤੀਆਂ ਗਈਆਂ ਹਨ। ਇਸੇ ਕਰਕੇ ਤੁਸੀਂ ਕੋਈ ਵੀ ਮੁਲਾਕਾਤ ਪੜ੍ਹ ਲਵੋ, ਪੁਸਤਕ ਰੱਖ ਕੇ ਤੁਹਾਨੂੰ ਇਉਂ ਲੱਗੇਗਾ ਜਿਵੇਂ ਤੁਸੀਂ ਹੁਣੇ-ਹੁਣੇ ਉਸ ਸੱਜਣ ਨੂੰ ਆਪ ਮਿਲ ਕੇ ਆਏ ਹੋਵੋ! ਸਮਾਜ ਦੇ ਕਿਸੇ ਵੀ ਖੇਤਰ ਵਿੱਚ ਲੋਕ-ਹਿਤੈਸ਼ੀ ਹਿੱਸਾ ਪਾਉਣ ਵਾਲਿਆਂ ਦੀਆਂ ਕਰਨੀਆਂ ਤੇ ਪ੍ਰਾਪਤੀਆਂ ਨੂੰ ਉਜਾਗਰ ਕਰਨਾ ਮਹੱਤਵਪੂਰਨ ਅਤੇ ਸ਼ੁਭ ਕਾਰਜ ਹੈ। ਆਸ ਹੈ, ਸਤਨਾਮ ਸਿੰਘ ਢਾਅ ਇਹ ਕਾਰਜ ਜਾਰੀ ਰੱਖੇਗਾ।

--ਗੁਰਬਚਨ ਸਿੰਘ ਭੁੱਲਰ
(ਸੰਪਰਕ: +91-8076363058)

## ਕਿਸੇ ਪਾਇਆ ਭੇਦ ਕਲੰਦਰ ਦਾ।

ਕਿਸੇ ਪਾਇਆ ਭੇਦ ਕਲੰਦਰ ਦਾ।
ਰਾਜ ਲੱਭਿਆ ਆਪਣੇ ਅੰਦਰ ਦਾ।
ਹੈ ਵਾਸੀ ਊਸੇ ਮੰਦਰ ਦਾ।
ਜਿੱਥੇ ਚੜਦੀ ਏ ਨਾ ਲਹਿੰਦੀ ਏ,ਰੂਹ ਸਹਿਜ ਲੁਤਫ ਵਿੱਚ ਰਹਿੰਦੀ ਏ।
ਵਾਹਿ ਤੂੰ ਹੀ ਤੂੰ ਹੀ ਕਹਿੰਦੀ ਏ ,ਵਾਹਿ ਗੁਰੁ ਗੁਰੁ ਪਈ ਕਹਿੰਦੀ ਏ।।
ਕੀ ਦੱਸਾਂ ਖਰੀ ਸੱਚਾਈ ਏ,ਬਾਬੇ ਨਾਨਕ ਦੀ ਵਡਿਆਈ ਏ,ਰੁਸ਼ਨਾਈ ਵੀ ਕਿਸੇ ਬੁਲਾਈ ਏ।
ਉਹਦੇ ਜੰਮਣ ਵੇਲੇ ਆਈ ਏ, ਜੋ ਦਾਈ ਦੌਲਤਾਂ ਮਾਈ ਏ, ਉਹਨੂੰ ਦੇਖ ਦੇਖ ਨਸ਼ਿਆਈ ਏ।
ਜਿੱਥੇ ਚੜਦੀ ਏ ਨਾ ਲਹਿੰਦੀ ਏ,ਰੂਹ ਸਹਿਜ ਲੁਤਫ ਵਿੱਚ ਰਹਿੰਦੀ ਏ।
ਵਾਹਿ ਤੂੰ ਹੀ ਤੂੰ ਹੀ ਕਹਿੰਦੀ ਏ ,ਵਾਹਿ ਗੁਰੁ ਗੁਰੁ ਪਈ ਕਹਿੰਦੀ ਏ।।
ਹੱਟ ਮੋਦੀ ਇੱਕ ਤੋਲਾਵਾ ਹੈ,ਸੱਚ ਤੱਕੜੀ ਪਾਸਕ ਵਾਹਵਾ ਹੈ,ਨਾਨਕ ਦਾ ਭੇਸ ਦਿਖਾਵਾ ਹੈ।
ਤੇਰਾ ਤੋਲ ਤੋਲਕੇ ਹੱਸਦਾ ਹੈ,ਖੁੱਲੀ ਕਰ ਝੋਲੀ ਵੀ ਦੱਸਦਾ ਹੈ ,ਪਾ ਰਾਸ਼ਨ ਰਮਜਾਂ ਕਸਦਾ ਹੈ।
ਸੁ਼ਭ ਅਮਲੀ ਨੀਯਤ ਬਣਾ ਲੈਣੀ,ਏਦਾਂ ਵੰਡ ਵੰਡਕੇ ਖਾ ਲੈਣੀ,ਮੁੱਕਣਾ ਨਹੀਂ ਸੁ਼ਕਰ ਮਨਾ ਲੈਣੀ।
ਜਿੱਥੇ ਚੜਦੀ ਏ ਨਾ ਲਹਿੰਦੀ ਏ,ਰੂਹ ਸਹਿਜ ਲੁਤਫ ਵਿੱਚ ਰਹਿੰਦੀ ਏ।
ਵਾਹਿ ਤੂੰ ਹੀ ਤੂੰ ਹੀ ਕਹਿੰਦੀ ਏ ,ਵਾਹਿ ਗੁਰੁ ਗੁਰੁ ਪਈ ਕਹਿੰਦੀ ਏ।
ਦੁੱਖ ਦੁਖੀਆਂ ਦਾ ਜੋ ਝੱਲਦੇ ਨੇ,
ਦਿਲੀ ਦਾਦ ਖੁਦਾਇ ਫਲਦੇ ਨੇ।
ਮੰਨ ਦੁਸ਼ਮਣ ਆਪੂੰ ਗੱਲਦੇ ਨੇ,
ਉਦੋਂ ਖੋਟੇ ਸਿੱਕੇ ਚਲਦੇ ਨੇ।
ਜਿੱਥੇ ਚੜਦੀ ਏ ਨਾ ਲਹਿੰਦੀ ਏ,ਰੂਹ ਸਹਿਜ ਲੁਤਫ ਵਿੱਚ ਰਹਿੰਦੀ ਏ
ਵਾਹਿ ਤੂੰ ਹੀ ਤੂੰ ਹੀ ਕਹਿੰਦੀ ਏ ,ਵਾਹਿ ਗੁਰੁ ਗੁਰੁ ਪਈ ਕਹਿੰਦੀ ਏ



ਬਲਬੀਰ ਸਿੰਘ
ਖੋਟੇ ਕੈਲਗਰੀ
587 971 9012

## ਲਿਬਰਲ ਤੇ ਐਨਡੀਪੀ ਬਰਾਬਰ ਰਹੇ ਜਦੋਂ ਕਿ ਕੰਜ਼ਰਵੇਟਿਵਾਂ ਦੇ ਸਮਰਥਨ ਵਿੱਚ 19 ਅੰਕਾਂ ਦਾ ਵਾਧਾ ਹੋਇਆ ਹੈ

ਓਟਵਾ, (ਪੰਜਾਬੀ ਅਖ਼ਬਾਰ ਬਿਊਰੋ) ਨੈਨੋਜ਼ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਘੱਟ ਗਿਣਤੀ ਲਿਬਰਲ ਸਰਕਾਰ ਤੇ ਉਨ੍ਹਾਂ ਦੀ ਕੌਨਫੀਡੈਂਸ ਐਂਡ ਸਪਲਾਈ ਭਾਈਵਾਲ ਐਨਡੀਪੀ ਨੂੰ ਬਰਾਬਰ ਸਮਰਥਨ ਮਿਲ ਰਿਹਾ ਹੈ ਜਦਕਿ ਕੰਜ਼ਰਵੇਟਿਵ ਇਸ ਸਮੇਂ 19 ਅੰਕਾਂ ਦੀ ਲੀਡ ਨਾਲ ਸਭ ਤੋਂ ਅੱਗੇ ਚੱਲ ਰਹੇ ਹਨ। ਨੈਨੋਜ਼ ਰਿਸਰਚ ਦੇ ਬਾਨੀ ਨਿੱਕ ਨੈਨੋਜ਼ ਨੇ ਆਖਿਆ ਕਿ ਜੇ ਲਿਬਰਲ ਅਗਲੀਆਂ ਫੈਡਰਲ ਚੋਣਾਂ ਵਿੱਚ ਜਿੱਤਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ 2024 ਵਿੱਚ ਦਾਖਲ ਹੋਣ ਸਮੇਂ ਸਾਰਾ ਕੁੱਝ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਹੋਵੇਗਾ। ਇੱਕ ਇੰਟਰਵਿਊ ਵਿੱਚ ਨਿੱਕ ਨੈਨੋਜ਼ ਨੇ ਆਖਿਆ ਕਿ ਅਜਿਹਾ ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣ ਕੇ ਵੀ ਹੋ ਸਕਦਾ ਹੈ ਤੇ ਜਾਂ ਫਿਰ ਜਸਟਿਨ ਟਰੂਡੋ ਨੂੰ ਇਹ ਦੱਸਣਾ ਹੋਵੇਗਾ ਕਿ ਉਹ ਅਜਿਹਾ ਕਿਉਂ ਮੰਨਦੇ ਹਨ ਕਿ ਉਹ ਇੱਕ ਹੋਰ ਜਿੱਤ ਦੇ ਹੱਕਦਾਰ ਹਨ।

ਨੈਨੋਜ਼ ਨੇ ਦੱਸਿਆ ਕਿ ਇਸ ਸਮੇਂ ਕੰਜ਼ਰਵੇਟਿਵਾਂ ਨੂੰ 41 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ, ਜੋ ਕਿ ਪਿਛਲੇ ਚਾਰ ਹਫਤਿਆਂ ਤੋਂ ਤਿੰਨ ਅੰਕ ਵੱਧ ਹੈ ਜਦਕਿ ਲਿਬਰਲਾਂ ਨੂੰ 22 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਜੋ ਤਿੰਨ ਅੰਕ ਘੱਟ ਹੈ ਇਸੇ ਤਰ੍ਹਾਂ ਐਨਡੀਪੀ ਨੂੰ ਦੋ ਅੰਕਾਂ ਦਾ ਫਾਇਦਾ ਹੋਇਆ ਹੈ ਤੇ ਉਨ੍ਹਾਂ ਨੂੰ 22 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।
















# ਈ-ਦੀਵਾਨ ਸੁਸਾਇਟੀ ਵੱਲੋਂ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਈ- ਦੀਵਾਨ ਸੋਸਾਇਟੀ ਕੈਲਗਰੀ ਵੱਲੋਂ, 25 ਨਵੰਬਰ ਨੂੰ,ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਕਰਾਇਆ ਗਿਆ- ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀਆਂ ਨੇ ਸ਼ਿਰਕਤ ਕੀਤੀ।ਸਮਾਗਮ ਦੇ ਸ਼ੁਰੂ ਵਿੱਚ, ਸੰਸਥਾ ਦੇ ਬਾਨੀ ਡਾ. ਬਲਰਾਜ ਸਿੰਘ ਦੀ ਬੇਨਤੀ ਤੇ ਜੈਪੁਰ ਤੋਂ ਆਏ ਬ੍ਰਿਜਮਿੰਦਰ ਕੌਰ ਨੇ ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰੋਂ ਸ਼ਬਦ ਨੂੰ ਸੁਰੀਲੀ ਆਵਾਜ਼ ਵਿੱਚ ਗਾ ਕੇ ਸਮਾਗਮ ਦਾ ਆਗਾਜ਼ ਕੀਤਾ।ਗੁਰਦੀਸ਼ ਕੌਰ ਨੇ ਮੰਚ ਸੰਚਾਲਨ ਕਰਦਿਆਂ, ਦੂਰ ਦੁਰਾਡੇ ਤੋਂ ਪਹੁੰਚੇ ਕਵੀਆਂ ਨੂੰ 'ਜੀ ਆਇਆਂ' ਕਿਹਾ ਅਤੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਸਿੱਖੀ ਦਾ ਬੂਟਾ' ਦੀਆਂ ਕੁੱਝ ਕੁ ਸਤਰਾਂ ਸਾਂਝੀਆਂ ਕਰਕੇ ਕਵੀ ਦਰਬਾਰ ਦੀ ਆਰੰਭਤਾ ਕੀਤੀ।ਕੈਲਗਰੀ ਦੇ ਨਾਮਵਰ ਗਾਇਕ- ਰਵੀ ਜਨਾਗਲ ਨੇ ਆਪਣੀ ਬੁਲੰਦ ਆਵਾਜ਼ ਵਿੱਚ 'ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ, ਅਜੇ ਤੇਰਾ ਦਿਲ ਨਾ ਠਰੇ!' ਸੁਣਾ ਕੇ ਮਹੌਲ ਭਾਵੁਕ ਕਰ ਦਿੱਤਾ। ਉਸਤਾਦ ਸ਼ਾਇਰ ਕਰਮਜੀਤ ਸਿੰਘ ਨੂਰ ਨੇ ਨੌਵੇਂ ਪਾਤਸ਼ਾਹ ਨੂੰ 'ਤਿਆਗ ਤੇ ਵੈਰਾਗ ਦੀ ਮੂਰਤ' ਦਰਸਾਉਂਦਿਆਂ ਹੋਇਆਂ ਅਤੇ ਅੰਮ੍ਰਿਤਸਰ ਸਾਹਿਬ ਤੋਂ ਆਏ ਐਡਵੋਕੇਟ ਸ਼ੁਕਰਗੁਜ਼ਾਰ ਸਿੰਘ ਨੇ ਤੱਤਾ ਅੱਖਰ- 'ਤ- ਤੂੰ, ਤਾਕਤ, ਤੇਗ, ਤਿਆਗ ਬਣੇ..' ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਆਪਣੀ ਕਵਿਤਾ ਕੋਰੜਾ ਛੰਦ ਵਿੱਚ- 'ਗੁਰਾਂ ਸੀਸ ਦੇ ਕੇ ਕੀਤਾ ਉਪਕਾਰ ਜੀ' ਅਤੇ ਲੁਧਿਆਣਾ ਤੋਂ ਹੁਣੇ ਹੁਣੇ ਕੈਲਗਰੀ ਆਏ, ਮਹਿਮਾਨ ਸਿੱਖ ਚਿੰਤਕ, ਵਿਦਵਾਨ ਤੇ ਸ਼ਾਇਰ ਜਸਵਿੰਦਰ ਸਿੰਘ ਰੂਪਾਲ ਨੇ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਤੇ ਝੋਕ ਛੰਦ ਵਿੱਚ ਲਿਖੀ ਆਪਣੀ ਕਵਿਤਾ- 'ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ' ਨੂੰ ਤਰੰਨਮ ਵਿੱਚ ਸੁਣਾ ਕੇ ਦਾਦ ਖੱਟੀ।ਦਵਿੰਦਰ ਸਿੰਘ ਭੋਲਾ ਨੇ ਬਰਕਤ ਰਾਮ ਬਰਕਤ ਦੀ ਕਵਿਤਾ- 'ਧੰਨ ਧੰਨ ਹੈ ਬਲੀਦਾਨ ਤੇਰਾ' ਨਾਲ ਸਾਂਝ ਪਾਈ।ਗੀਤਕਾਰ ਅਵਤਾਰ ਸਿੰਘ ਆਦਮਪੁਰੀ ਨੇ ਆਪਣਾ ਗੀਤ- 'ਮਜ਼ਲੂਮਾਂ ਦੇ ਸਾਥੀ ਹਾਂ, ਗੁਰੂ ਨਾਨਕ ਦੇ ਵਰੋਸਾਏ ਹਾਂ' ਅਤੇ ਗੀਤਕਾਰ ਪਲਵਿੰਦਰ ਸਿੰਘ ਰੰਧਾਵਾ ਨੇ ਵੀ 'ਧੰਨ ਧੰਨ ਗੁਰੂ ਤੇਗ ਬਹਾਦਰ' ਗੀਤ ਬੁਲੰਦ ਆਵਾਜ਼ ਵਿੱਚ ਸੁਣਾ ਕੇ ਮਹੌਲ ਸੁਰਮਈ ਬਣਾ ਦਿੱਤਾ।ਸੁਜਾਨ ਸਿੰਘ ਸੁਜਾਨ ਜੀ ਨੇ- 'ਭਾਈ ਜੈਤੇ ਸੀਸ ਸਿਰ ਤੇ ਉਠਾਇਆ ਏ, ਦੇਖੋ ਕਿਵੇਂ ਦਿੱਲੀ ਨੂੰ ਪਸੀਨਾ ਆਇਆ ਏ' ਗੀਤ ਸੁਣਾ ਕੇ ਜੈਕਾਰੇ ਖੱਟੇ। ਕੈਲਗਰੀ ਤੋਂ ਪਹੁੰਚੇ ਗੁਰਚਰਨ ਸਿੰਘ ਹੇਹਰ ਨੇ ਆਪਣਾ ਗੀਤ- 'ਸਿੰਘ ਗੁਰੂ ਦੇ ਮੌਤੋਂ ਨਾ ਕਦੇ ਡਰਦੇ' ਸੁਣਾਇਆ ਜਦ ਕਿ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਸਿਹਤ ਠੀਕ ਨਾ ਹੋਣ ਕਾਰਨ ਹਾਜ਼ਰ ਨਹੀਂ ਹੋ ਸਕੇ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਵੀ ਨੌਵੇਂ ਪਾਤਸ਼ਾਹ ਤੇ ਲਿਖਿਆ ਆਪਣਾ ਗੀਤ ਸੰਗਤ ਨਾਲ ਸਾਂਝਾ ਕੀਤਾ। ਸੰਗਤ ਵਲੋਂ ਇਸ ਕਵੀ ਦਰਬਾਰ ਦੀ ਭਰਪੂਰ ਸ਼ਲਾਘਾ ਕੀਤੀ ਗਈ।




# ਗੁਰਪਤਵੰਤ ਪੰਨੂ ਦੇ ਕਤਲ ਲਈ ਭਾਰਤੀ ਨਾਗਰਿਕ ਨਿਖਿਲ ਗੁਪਤਾ ਫੜਿਆ ਗਿਆ


ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਵਿੱਚ, ਨਿਊਯਾਰਕ ਸਿਟੀ ਵਿੱਚ ਇੱਕ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਕਰਨ ਦੀ ਨਾਕਾਮ ਸਾਜ਼ਿਸ਼ ਵਿੱਚ ਭਾਗ ਲੈਣ ਦੇ ਸਬੰਧ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਉਰਫ਼ ਨਿਕ, 52, ਦੇ ਖਿਲਾਫ ਕਿਰਾਏ ਦੇ ਬਦਲੇ ਕਤਲ ਦੇ ਦੋਸ਼ਾਂ ਨੂੰ ਅਣ-ਸੀਲ ਕਰ ਦਿੱਤਾ ਗਿਆ। । ਚੈੱਕ ਅਧਿਕਾਰੀਆਂ ਨੇ ਸੰਯੁਕਤ ਰਾਜ ਅਤੇ ਚੈੱਕ ਗਣਰਾਜ ਵਿਚਕਾਰ ਦੁਵੱਲੀ ਹਵਾਲਗੀ ਸੰਧੀ ਦੇ ਅਨੁਸਾਰ 30 ਜੂਨ, 2023 ਨੂੰ ਗੁਪਤਾ ਨੂੰ ਗ੍ਰਿਫਤਾਰ ਕੀਤਾ ਅਤੇ ਹਿਰਾਸਤ ਵਿੱਚ ਲਿਆ। "ਵਾਸ਼ਿੰਗਟਨ ਪੋਸਟ" ਨੇ ਇਸ ਸਾਜ਼ਿਸ਼ ਵਿੱਚ ਸ਼ਾਮਲ ਇੱਕ ਭਾਰਤੀ ਨਿਖਿਲ ਗੁਪਤਾ ਦਾ ਨਾਮ ਬੇਪਰਦ ਕੀਤਾ ਹੈ। ਰਿਪੋਰਟ ਮੁਤਾਬਕ ਗੁਪਤਾ ਨੇ ਕੁੱਝ ਹੋਰਾਂ, ਜਿਨ੍ਹਾਂ ਵਿੱਚ ਇੱਕ ਭਾਰਤੀ ਅਧਿਕਾਰੀ ਵੀ ਸ਼ਾਮਲ ਹੈ, ਨਾਲ ਰਲ਼ ਕੇ ਕਥਿੱਤ ਤੌਰ 'ਤੇ ਇਹ ਸਾਜ਼ਿਸ਼ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਤੁਰੰਤ ਬਾਅਦ ਜੂਨ 2023 ਵਿੱਚ ਘੜੀ ਸੀ। ਰਿਪੋਰਟ ਮੁਤਾਬਕ ਗੁਪਤਾ ਜੋ ਕਿ ਇਸ ਵਕਤ ਅਮਰੀਕਾ ਵਿੱਚ ਨਹੀਂ ਹੈ, ਨੇ ਇੱਕ ਭਾੜੇ ਦੇ ਕਾਤਲ ਤੋਂ ਕੰਮ ਕਰਵਾਉਣ ਲਈ ਪੰਦਰਾਂ ਹਜ਼ਾਰ ਡਾਲਰ ਦੀ ਪੇਸ਼ਗੀ ਰਕਮ ਵੀ ਦਿੱਤੀ। ਗੁਪਤਾ 30 ਜੂਨ ਨੂੰ ਚੈੱਕ ਰਿਪਬਲਿਕ ਵਿੱਚ ਫੜਿਆ ਗਿਆ, ਜਿੱਥੋਂ ਅਮਰੀਕਾ ਉਸਦੀ ਹਵਾਲਗੀ ਕਰਾਏਗਾ।



ਗੁਪਤਾ ਇੱਕ ਭਾਰਤੀ ਖੁਫੀਆ ਏਜੰਟ ਨਾਲ ਮਿਲ ਕੇ ਇਹ ਕੰਮ ਕਰ ਰਿਹਾ ਸੀ, ਜਿਸਨੇ ਮਈ ਵਿੱਚ ਗੁਪਤਾ ਨੂੰ ਇਹ ਕੰਮ ਦਿੱਤਾ ਸੀ। ਗੁਪਤਾ ਨੇ ਕਤਲ ਕਰਵਾਉਣ ਲਈ ਇੱਕ ਅਮਰੀਕਨ ਅਪਰਾਧੀ ਨਾਲ ਸੰਪਰਕ ਕੀਤਾ, ਪਰ ਅਸਲ ਵਿੱਚ ਉਹ ਅਮਰੀਕਨ ਏਜੰਸੀਆਂ ਲਈ ਕੰਮ ਕਰਦਾ ਸੀ। ਗੁਪਤਾ ਅਮਰੀਕਨ ਅੰਡਰਕਵਰ ਏਜੰਟ ਨਾਲ ਕਤਲ ਕਰਾਉਣ ਲਈ ਇੱਕ ਲੱਖ ਅਮਰੀਕਨ ਡਾਲਰ ਵਿੱਚ ਡੀਲ ਕਰ ਆਇਆ। 15000 ਡਾਲਰ ਪੇਸ਼ਗੀ ਦੇ ਦਿੱਤੀ। ਗੁਪਤਾ ਨੇ ਅੰਡਰ ਕਵਰ ਨੂੰ ਇਸ ਕਤਲ ਨੂੰ ਜਲਦੀ ਤੋਂ ਜਲਦੀ ਅੰਜਾਮ ਦੇਣ ਦੇ ਨਿਰਦੇਸ਼ ਦਿੱਤੇ, ਪਰ ਗੁਪਤਾ ਨੇ ਅੰਡਰ ਕਵਰ ਨੂੰ ਇਹ ਵੀ ਵਿਸ਼ੇਸ਼ ਤੌਰ 'ਤੇ ਨਿਰਦੇਸ਼ ਦਿੱਤਾ ਕਿ ਉਹ ਉੱਚ ਪੱਧਰੀ ਅਮਰੀਕੀ ਅਤੇ ਭਾਰਤ ਸਰਕਾਰ ਦੇ ਅਧਿਕਾਰੀਆਂ ਵਿਚਕਾਰ ਆਉਣ ਵਾਲੇ ਹਫ਼ਤਿਆਂ ਵਿੱਚ ਹੋਣ ਵਾਲੇ ਅਨੁਮਾਨਤ ਰੁਝੇਵਿਆਂ ਦੇ ਸਮੇਂ ਦੇ ਆਲੇ-ਦੁਆਲੇ ਕਤਲ ਨਾ ਕਰਨ।ਅਠਾਰਾਂ ਜੂਨ ਨੂੰ ਕਨੇਡੀਅਨ ਸਿਟੀਜਨ ਹਰਦੀਪ ਸਿੰਘ ਨਿੱਝਰ ਦਾ ਕਤਲ ਹੋਣ ਤੋਂ ਬਾਅਦ ਅਗਲੇ ਦਿਨ ਗੁਪਤਾ ਆਪਣੇ ਭਾੜੇ ਦੇ ਕਾਤਲ (ਅਮਰੀਕਨ ਅੰਡਰਕਵਰ ਏਜੰਟ) ਨੂੰ ਅਮਰੀਕਾ ਵਾਲਾ ਕੰਮ ਜਲਦੀ ਕਰਨ ਲਈ ਵੀ ਕਹਿੰਦਾ ਹੈ। ਉਹ ਪੰਨੂੰ ਦੀ ਤਸਵੀਰ, ਘਰ ਤੇ ਕੰਮ ਦਾ ਪਤਾ ਤੇ ਹੋਰ ਵੇਰਵੇ ਵੀ ਦਿੰਦਾ ਹੈ।ਗੁਪਤਾ 'ਤੇ ਕਿਰਾਏ 'ਤੇ ਕਤਲ ਕਰਨ ਅਤੇ ਕਿਰਾਏ 'ਤੇ ਕਤਲ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਹਰੇਕ ਗਿਣਤੀ ਵਿੱਚ 10 ਸਾਲ ਦੀ ਕੈਦ ਦੀ ਅਧਿਕਤਮ ਕਾਨੂੰਨੀ ਸਜ਼ਾ ਹੈ। ਇੱਕ ਸੰਘੀ ਜ਼ਿਲ੍ਹਾ ਅਦਾਲਤ ਦਾ ਜੱਜ ਯੂ।ਐੱਸ। ਸਜ਼ਾ ਸੁਣਾਉਣ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੋਰ ਕਾਨੂੰਨੀ ਕਾਰਕਾਂ 'ਤੇ ਵਿਚਾਰ ਕਰਨ ਤੋਂ ਬਾਅਦ ਕੋਈ ਵੀ ਸਜ਼ਾ ਨਿਰਧਾਰਤ ਕਰੇਗਾ।ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਲਈ ਸਹਾਇਕ ਯੂਐਸ ਅਟਾਰਨੀ ਕੈਮਿਲ ਐਲ। ਫਲੇਚਰ, ਐਸ਼ਲੇ ਸੀ। ਨਿਕੋਲਸ ਅਤੇ ਅਲੈਗਜ਼ੈਂਡਰ ਲੀ ਟ੍ਰਾਇਲ ਅਟਾਰਨੀ ਕ੍ਰਿਸਟੋਫਰ ਕੁੱਕ ਅਤੇ ਰਾਬਰਟ ਮੈਕੁਲਰਜ਼ ਦੀ ਸਹਾਇਤਾ ਨਾਲ ਕੇਸ ਦੀ ਪੈਰਵੀ ਕਰ ਰਹੇ ਹਨ। ਵਰਨਣਯੋਗ ਹੈ ਕਿ ਕਨੇਡੀਅਨ ਨਾਗਰਿਕ ਹਰਦੀਪ ਨਿੱਝਰ ਦੇ ਕਤਲ ਉਪਰੰਤ ਭਾਰਤ ਅਤੇ ਕਨੇਡਾ ਦੇ ਆਪਸੀ ਸਬੰਧ ਉਸ ਵੇਲੇ ਵਿਗੜ ਗਏ ਹਨ ਜਦੋਂ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਨੇਡਾ ਦੀ ਪਾਰਲੀਮੈਂਟ ਅੰਦਰ ਖਲੋਕੇ ਭਾਰਤ ਸਰਕਾਰ ਉੱਪਰ ਇਹ ਦੋਸ਼ ਲਗਾਇਆ ਸੀ ਕਿ ਇਹ ਕਤਲ ਭਾਰਤੀ ਖੁਫੀਆ ਏਜੰਸੀਆਂ ਦੇ ਇਸਾਰੇ ਉੱਪਰ ਹੋਇਆ ਹੈ।

# ਬੋ ਵੈਲੀ ਕਾਲਿਜ ਕੈਲਗਰੀ ਵਿਖੇ ਪੜ੍ਹਦੇ ਅੰਤਰਰਾਸਟਰੀ ਵਿਦਿਆਰਥੀ ਹੁਣ ਵਜੀਫਾ ਲੈ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੁਣ ਬੋ ਵੈਲੀ ਕਾਲਿਜ ਦੇ ਅੰਤਰਰਾਸਟਰੀ ਵਿਦਿਆਰਥੀਆਂ ਨੂੰ ਪੋਸਟ ਸੈਕੰਡਰੀ ਐਜੂਕੇਸ਼ਨ ਲਈ ਵਜੀਫਾ ਮਿਲਿਆ ਕਰੇਗਾ। ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਕਰਦਿਆਂ ਏਸ਼ੀਆ ਪੈਸੀਫਿਕ ਇਮੀਗ੍ਰੇਸ਼ਨ ਕੰਸਲਟਿੰਗ ਲਿਮਟਿਡ ਦੇ ਸੀ ਈ ਓ ਨੇ ਦੱਸਿਆ ਕਿ ਅੱਜ ਇਸ ਮਹੱਤਵਪੂਰਨ ਦਿਨ 'ਤੇ ਮੈਂ ਬੋ ਵੈਲੀ ਕਾਲਜ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ $25000 ਦੀ ਕੁੱਲ ਵਚਨਬੱਧਤਾ ਲਈ ਗੁਰੂ ਨਾਨਕ ਦੇਵ ਜੀ ਦੇ ਨਾਂ ਉੱਪਰ ਦਿੱਤੇ ਜਾਣ ਵਾਲੇ ਵਜ਼ੀਫੇ ਦਾ ਐਲਾਨ ਕਰਦਾ ਹਾਂ। ਇਹ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ 5 ਸਾਲਾਂ ਲਈ ਪੋਸਟ ਸੈਕੰਡਰੀ ਸਿੱਖਿਆ ਤੱਕ ਪਹੁੰਚ ਕਰਨ ਲਈ ਵਿੱਤੀ ਰੁਕਾਵਟਾਂ ਨੂੰ ਘਟਾਉਣ ਵਾਲਾ ਪਹਿਲਾ ਮੌਕਾ ਹੋਵੇਗਾ। ਜਲਦੀ ਹੀ ਕਾਲਜ ਦੀ ਵੈੱਬਸਾਈਟ 'ਤੇ ਹੋਰ ਵੇਰਵੇ ਹੋਣਗੇ। ਉਹਨਾਂ ਕਿਹਾ ਕਿ ਏਸ਼ੀਆ ਪੈਸੀਫਿਕ ਇਮੀਗ੍ਰੇਸ਼ਨ ਕੰਸਲਟਿੰਗ ਲਿਮਟਿਡ ਦੇ ਸਾਰੇ ਗਾਹਕਾਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਦੇ ਹੁਣ ਤੱਕ ਮਿਲੇ ਸਹਿਯੋਗ ਸਦਕਾ ਹੀ ਅਸੀਂ ਇਹ ਕੁੱਝ ਕਰਨ ਦੇ ਯੋਗ ਹੋਏ ਹਾਂ।


Bow Valley College

November 27, 2023

Maninder Singh Dhillon
Unit #144
3670 63rd AVE NE
Calgary, AB T3J0S4

Dear Maninder,

RE: Letter of Intent for the Guru Nanak Dev Ji Bursary

Thank you for your generous commitment of $25,000.00. We are so appreciative of yo[ur] commitment to our students. We strive to create a culture of philanthropy at Bow Valle[y] help us fulfill that goal.

Your gift will be used to support our students at Bow Valley College, recognizing their c[...] hard work as they strive to achieve their academic goals. The Terms of Reference for th[...] number of awards may be adjusted at any time in the future.

Your gift will be used to fund the Guru Nanak Dev Ji Bursary.




# ਅਲਬਰਟਾ ਸੂਬੇ ਅੰਦਰ ਹੁਣ ਰਿੰਗ ਰੋਡਾਂ ਉੱਪਰ ਫੋਟੋ ਰਾਡਾਰ ਦੇ ਲਿਸਕੋਰਾਂ ਨਹੀਂ ਪੈਣਗੀਆਂ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੂਰੇ ਸੂਬੇ ਤੋਂ ਅੰਕੜੇ ਪ੍ਰਾਪਤ ਕਰਨ ਤੋਂ ਬਾਅਦ, ਅਲਬਰਟਾ ਦੀ ਸਰਕਾਰ ਨੇ 1 ਦਸੰਬਰ 2023 ਤੋਂ ਕੈਲਗਰੀ ਅਤੇ ਐਡਮਿੰਟਨ ਦੀਆਂ ਰਿੰਗ ਰੋਡਾਂ 'ਤੇ ਫੋਟੋ ਰਾਡਾਰ 'ਤੇ ਪਾਬੰਦੀ ਲਗਾਉਣ ਦਾ ਪਹਿਲਾ ਕਦਮ ਚੁੱਕਿਆ ਹੈ। ਸੂਬੇ ਭਰ ਵਿੱਚ ਸਾਰੇ "ਫਿਸ਼ਿੰਗ ਹੋਲ" ਟਿਕਾਣਿਆਂ ਨੂੰ ਹਟਾਉਣ ਉਪਰੰਤ ਅਲਬਰਟਾ ਦੀ ਸਰਕਾਰ ਅਗਲੇ ਸਾਲ ਤੋਂ ਮਿਉਂਸਪੈਲਟੀਆਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਜੁੜੀ ਹੋਵੇਗੀ। ਅਲਬਰਟਾ ਵਾਸੀਆਂ ਨੂੰ ਭਰੋਸਾ ਹੋ ਸਕਦਾ ਹੈ ਕਿ ਅੱਗੇ ਜਾ ਕੇ, ਫੋਟੋ ਰਾਡਾਰ ਦੀ ਵਰਤੋਂ ਸਿਰਫ ਟ੍ਰੈਫਿਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਵੇਗੀ। ਵਰਨਣਯੋਗ ਹੈ ਕਿ "ਕੈਨੇਡਾ ਵਿੱਚ ਅਲਬਰਟਾ ਅੰਦਰ ਫੋਟੋ ਰਾਡਾਰ ਦੀ ਸਭ ਤੋਂ ਵੱਧ ਵਰਤੋ ਕੀਤੀ ਗਈ ਅਤੇ ਇਹਨਾਂ ਤਬਦੀਲੀਆਂ ਨਾਲ ਅੰਤ ਵਿੱਚ ਡਾਲਰ ਕਮਾਉਣ ਵਾਲੀ ਗਊ ਨੂੰ ਖਤਮ ਕਰ ਦੇਣਗੀਆਂ ਜੋ ਬਹੁਤ ਸਾਰੇ ਅਲਬਰਟਾ ਵਾਸੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਫੋਟੋ ਰਾਡਾਰ ਦੀ ਵਰਤੋਂ ਸਿਰਫ ਟ੍ਰੈਫਿਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕੀਤੀ ਜਾਣੀ ਚਾਹੀਦੀ ਹੈ, ਅਤੇ ਥੀਸਿਸ ਬਦਲਾਅ ਦੇ ਨਾਲ, ਨਗਰਪਾਲਿਕਾਵਾਂ ਹੁਣ ਸਿਰਫ਼ ਮਾਲੀਆ ਪੈਦਾ ਕਰਨ ਲਈ ਹਜ਼ਾਰਾਂ ਤੇਜ਼ ਟਿਕਟਾਂ ਜਾਰੀ ਕਰਨ ਦੇ ਯੋਗ ਨਹੀਂ ਹੋਣਗੀਆਂ। ਅਲਬਰਟਾ ਵਿੱਚ ਫੋਟੋ ਰਾਡਾਰ ਯੂਨਿਟਾਂ ਨੂੰ 1987 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਹੁਣ ਪੂਰੇ ਸੂਬੇ ਵਿੱਚ ਲਗਭਗ 2,387 ਫੋਟੋ ਰਾਡਾਰ ਸਾਈਟਾਂ ਹਨ। ਕੈਲਗਰੀ ਦੀ ਰਿੰਗ ਰੋਡ ਵਿੱਚ ਅੱਠ ਫੋਟੋ ਰਾਡਾਰ ਸਾਈਟਾਂ ਸਨ ਅਤੇ ਐਡਮਿੰਟਨ ਦੀ ਰਿੰਗ ਰੋਡ ਵਿੱਚ 22 ਸਨ। ਇਹ ਰਿੰਗ ਰੋਡ ਫੋਟੋ ਰਾਡਾਰ ਸਾਈਟਾਂ ਨੂੰ ਸੰਵੇਦਨਸ਼ੀਲ ਖੇਤਰਾਂ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਇਸਦਾ ਮਤਲਬ ਇਹ ਹੈ ਕਿ ਕੈਲਗਰੀ ਅੱਠ ਉੱਚ-ਜੋਖਮ ਵਾਲੇ ਖੇਤਰਾਂ ਦੀ ਚੋਣ ਕਰ ਸਕਦਾ ਹੈ ਅਤੇ ਐਡਮਿੰਟਨ ਇਹਨਾਂ ਸਾਈਟਾਂ ਨੂੰ ਮੁੜ ਤਾਇਨਾਤ ਕਰਨ ਲਈ 22 ਉੱਚ-ਜੋਖਮ ਵਾਲੇ ਖੇਤਰਾਂ ਦੀ ਚੋਣ ਕਰ ਸਕਦਾ ਹੈ।ਫੋਟੋ ਰਾਡਾਰ ਨੇ 2022-2023 ਵਿੱਚ $171 ਮਿਲੀਅਨ ਡਾਲਰਾਂ ਦੀ ਕਮਾਈ ਕੀਤੀ ਹੈ। ਟ੍ਰੈਫਿਕ ਜੁਰਮਾਨਾ ਮਾਲੀਆ ਪ੍ਰਾਂਤ ਅਤੇ ਨਗਰਪਾਲਿਕਾਵਾਂ ਵਿਚਕਾਰ ਵੰਡਿਆ ਗਿਆ ਹੈ, ਜਿਸ ਵਿੱਚ ਸੂਬੇ ਨੂੰ 40 ਪ੍ਰਤੀਸ਼ਤ ਅਤੇ ਨਗਰਪਾਲਿਕਾਵਾਂ ਨੂੰ 60 ਪ੍ਰਤੀਸ਼ਤ ਪ੍ਰਾਪਤ ਹੁੰਦਾ ਹੈ।

# ਕੈਲਗਰੀ ਵਿੱਚ ਘਰਾਂ ਦਾ ਟੈਕਸ ਹੋਰ ਵਧ ਗਿਆ ਹੈ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਕੌਂਸਲ ਨੇ ਕੈਲਗਰੀ ਦੇ ਘਰਾਂ ਦੇ ਮਾਲਕਾਂ ਕੋਲੋਂ ਵਸੂਲੇ ਜਾਣ ਵਾਲੇ 7.8% ਟੈਕਸ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਲਗਰੀ ਕੌਂਸਲ ਦੇ ਚੈਂਬਰ ਵਿੱਚ 9-6 ਦੇ ਫਰਕ ਨਾਲ ਪਈਆਂ ਵੋਟਾਂ ਘਰਾਂ ਦੇ ਮਾਲਕਾਂ ਲਈ ਜਾਇਦਾਦ ਟੈਕਸ ਵਿੱਚ 7.8 ਪ੍ਰਤੀਸ਼ਤ ਵਾਧੇ ਨੂੰ ਮਨਜ਼ੂਰੀ ਦੇਣ ਲਈ ਕਾਫੀ ਸਨ। ਇਸਦਾ ਮਤਲਬ ਹੁਣ ਇਹ ਹੈ ਕਿ ਔਸਤ ਕੈਲਗਰੀ ਪ੍ਰਾਪਰਟੀ ਮਾਲਕ ਨੂੰ ਅਗਲੇ ਸਾਲ ਆਪਣੇ ਬਟੂਏ ਵਿੱਚੋਂ ਇੱਕ ਮਹੀਨੇ ਵਿੱਚ ਘੱਟੋ-ਘੱਟ $16 ਹੋਰ ਕੱਢਣੇ ਹੋਣਗੇ।

ਕੌਂਸਲ ਨੇ ਅਗਲੇ ਤਿੰਨ ਸਾਲਾਂ ਲਈ ਸ਼ਹਿਰ ਦੇ ਟੈਕਸ ਬੋਝ ਨੂੰ ਕਾਰੋਬਾਰੀ ਮਾਲਕਾਂ ਤੋਂ ਰਿਹਾਇਸ਼ੀ ਘਰਾਂ ਦੇ ਮਾਲਕਾਂ 'ਤੇ ਪ੍ਰਤੀ ਸਾਲ ਇੱਕ ਫੀਸਦੀ ਤਬਦੀਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਵਾਰਡ 5 ਤੋਂ ਕੌਂਸਲਰ ਰਾਜ ਧਾਲੀਵਾਲ ਦਾ ਮੰਨਣਾ ਹੈ ਕਿ ਹੋਰਨਾਂ ਸਹਿਰਾਂ ਦੇ ਮੁਕਾਬਲੇ ਕੈਲਗਰੀ ਵਿੱਚ ਹਾਊਸ ਟੈਕਸ ਘੱਟ ਹਨ । ਕੈਲਗਰੀ ਦਿਨ ਬਦਿਨ ਵਿਕਾਸ ਕਰ ਰਿਹਾ ਹੈ ਸ਼ਾਇਦ ਇਹੀ ਕਾਰਣ ਹੈ ਕਿ ਬਾਹਰਲੇ ਸੂਬਿਆਂ ਤੋਂ ਆਕੇ ਲੋਕ ਕੈਲਗਰੀ ਰਹਿਣ ਨੂੰ ਤਰਜੀਹ ਦੇ ਰਹੇ ਹਨ ਕੈਲਗਰੀ ਦੀ ਵਧਦੀ ਆਬਾਦੀ ਕਾਰਣ ਬਹੁਤ ਸਾਰੇ ਨਵੇਂ ਪ੍ਰਬੰਧਾਂ ਦੀ ਲੋੜ ਹੈ ਜਿਸ ਕਾਰਣ ਟੈਕਸ ਵਿੱਚ ਵਾਧਾ ਜਰੂਰੀ ਸੀ।

ਵਾਰਡ 9 ਤੋਂ ਕੌਂਸਲਰ ਕਾਰਲੋ ਕੈਰਾ ਦਾ ਮੰਨਣਾ ਹੈ ਕਿ ਇਹ ਹੋਣਾ ਹੀ ਸੀ। ਦੂਜੇ ਪਾਸੇ ਵਾਰਡ 10 ਤੋਂ ਕੌਂਸਲਰ ਆਂਡਰੇ ਚਾਬੋਟ, ਸੋਚਦਾ ਹੈ ਕਿ "ਅਸੀਂ ਆਪਣੇ ਸਭ ਤੋਂ ਕਮਜ਼ੋਰ ਅਤੇ ਸਭ ਤੋਂ ਘੱਟ ਆਮਦਨ ਵਾਲੇ ਲੋਕਾਂ ਲਈ, ਵਧੇਰੇ ਕਿਫਾਇਤੀ ਰਿਹਾਇਸ਼ ਪ੍ਰਦਾਨ ਕਰਨ ਲਈ ਇੱਕ ਸੰਕਟਮਈ ਘੋਸ਼ਿਤ ਕੀਤਾ ਹੋਇਆ ਹੈ ਅਤੇ ਫਿਰ ਵੀ, ਅਸੀਂ ਉਸ ਰਕਮ ਨੂੰ ਵਧਾਉਣ ਬਾਰੇ ਗੱਲ ਕਰ ਰਹੇ ਹਾਂ ਜੋ ਉਹਨਾਂ ਨੂੰ ਇਸ ਸੰਕਟਮਈ ਸਮੇਂ ਦੌਰਾਨ ਅਦਾ ਕਰਨੀ ਪੈਂਦੀ ਹੈ।

ਸਿਟੀ ਆਫ ਕੈਲਗਰੀ ਬਜਟ ਵਿੱਚ ਕਿਫਾਇਤੀ ਰਿਹਾਇਸ਼ ਲਈ ਸਾਲਾਨਾ ਫੰਡਿੰਗ ਵਿੱਚ $27 ਮਿਲੀਅਨ ਜੋੜ ਰਿਹਾ ਹੈ, ਜਿਸ ਵਿੱਚ ਅਗਲੇ ਸਾਲ ਲਗਭਗ $55 ਮਿਲੀਅਨ ਦਾ ਇੱਕ ਵਾਰ ਭੁਗਤਾਨ ਵੀ ਸ਼ਾਮਲ ਹੈ, ਅਤੇ ਟਰਾਂਜ਼ਿਟ ਪੀਸ ਅਫਸਰਾਂ ਸਮੇਤ ਟਰਾਂਜ਼ਿਟ ਅਤੇ ਕਮਿਊਨਿਟੀ ਸੁਰੱਖਿਆ ਲਈ ਰਕਮ ਨੂੰ ਵੀ $15 ਮਿਲੀਅਨ ਤੱਕ ਵਧਾ ਦਿੱਤਾ ਗਿਆ ਹੈ।

# ਕੈਲਗਰੀ ਦੇ ਹਵਾਈ ਅੱਡੇ 'ਤੇ ਕੈਬ ਲੈ ਕੇ ਆਉਣ ਵਾਲੇ ਸਾਲ ਤੋਂ ਯਾਤਰੀਆਂ ਨੂੰ ਜ਼ਿਆਦਾ ਖਰਚਾ ਆਵੇਗਾ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਏਅਰਪੋਰਟ ਅਥਾਰਟੀ ਦਾ ਕਹਿਣਾ ਹੈ ਕਿ 15 ਜਨਵਰੀ, 2024 ਤੋਂ, ਇਹ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ 'ਤੇ ਆਉਣ ਵਾਲੀਆਂ ਸਾਰੀਆਂ ਟੈਕਸੀਆਂ ਲਈ $4 ਡਾਲਰ ਡਰਾਪ-ਆਫ ਫੀਸ ਲਾਗੂ ਕਰੇਗੀ ਅਤੇ ਇਸਦੀ ਪਿਕ-ਅੱਪ ਟੈਕਸੀ ਫੀਸ $5 ਡਾਲਰ ਤੋਂ ਘਟਾ ਕੇ ਸਾਢੇ ਚਾਰ ਡਾਲਰ ਕਰੇਗੀ।ਇਨਬਾਉਂਡ ਫੀਸ ਨੂੰ ਏਅਰਪੋਰਟ ਕੈਂਪਸ ਵਿੱਚ ਲਾਗੂ ਕੀਤਾ ਜਾਵੇਗਾ, ਜੋ ਕਿ ਪੱਛਮ ਵੱਲ ਏਰੋ ਡਰਾਈਵ/11 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਤੱਕ, ਮੈਕਕਾਲ ਵੇਅ ਅਤੇ ਨਾਲ ਲੱਗਦੀਆਂ ਸੰਪਤੀਆਂ, ਅਤੇ ਟਰਮੀਨਲ ਵਿੱਚ ਸ਼ਾਮਲ ਹੈ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੇਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਚੈਸਟਰਮੀਅਰ ਸੀਨੀਅਰ ਸਰਵਿਸ ਦੇ ਬਜੁਰਗਾਂ ਨੇ ਦੀਵਾਲੀ ਦਾ ਤਿਓਹਾਰ ਮਨਾਉਂਦਿਆਂ ਸਿਟੀ ਮੇਅਰ ਕੋਲੋਂ ਬਿਲਡਿੰਗ ਮੰਗੀ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਕਸਬੇ ਚੈਸਟਰਮੇਅਰ ਵਿੱਚ ਇਹਨੀ ਦਿਨੀ ਪੰਜਾਬੀ ਭਾਈਚਾਰੇ ਦੀ ਵਸੋਂ ਦਿਨੋ ਦਿਨ ਵਧਦੀ ਜਾ ਰਹੀ ਹੈ। ਵਧਦੀ ਆਬਾਦੀ ਦੇ ਨਾਲ ਨਾਲ ਪਰਿਵਾਰਾਂ ਵਿੱਚ ਬਜੁਰਗਾਂ ਦੀਆਂ ਪੰਜਾਬ ਦੀ ਤਰਾਂ ਆਪਸੀ ਮਿਲ ਬੈਠਣ ਦੀਆਂ ਸਮੱਸਿਆਵਾਂ ਵੀ ਸਾਹਮਣੇ ਆ ਰਹੀਆਂ ਹਨ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਸਮਾਜਸੇਵੀ ਦੇ ਰੂਪ ਵਿੱਚ ਅੱਗੇ ਆਈ ਕਿਰਨ ਰੰਧਾਵਾ ਨੇ ਚੈਸਟਰਮੀਅਰ ਸੀਨੀਅਰ ਸਰਵਿਸ ਦਾ ਘਠਨ ਕਰਦਿਆਂ ਸਿਟੀ ਆਫ ਚੈਸਟਰਮੀਅਰ ਨਾਲ ਗੱਲ ਕਰਕੇ ਉਹਨਾਂ ਦੇ ਮਿਲ ਬੈਠਣ ਲਈ ਆਰਜੀ ਤੌਰ ਉੱਪਰ ਇੱਕ ਕਮਰੇ ਦਾ ਇੰਤਜਾਮ ਕਰਵਾਇਆ । ਬੀਤੇ ਦਿਨੀ ਇਸ ਸੰਸਥਾ ਨੇ ਦੀਵਾਲੀ ਦਾ ਤਿਉਹਾਰ ਰਿਕ ਸੈਂਟਰ ਚੈਸਟਰਮੀਅਰ ਵਿਖੇ ਮਨਾਇਆ। ਇਸ ਮੌਕੇ ਸਿਟੀ ਮੇਅਰ ਅਤੇ ਆਰ ਸੀ ਐਮ ਪੀ ਦੇ ਅਫਸਰਾਂ ਨੇ ਵੀ ਹਾਜਿਰੀ ਭਰੀ । ਸੰਸਥਾ ਦੇ ਮੈਂਬਰਾਂ ਨੇ ਸਿਟੀ ਮੇਅਰ ਕੋਲੋਂ ਆਪਣੇ ਮਿਲ ਬੈਠਣ ਲਈ ਪੱਕੇ ਤੌਰ ਤੇ ਇੱਕ ਬਿਲਡਿੰਗ ਦੀ ਮੰਗ ਕੀਤੀ ਜਿੱਥੇ ਬੈਠਕੇ ਉਹ ਆਪਣੇ ਬੁਢਾਪੇ ਦਾ ਆਨੰਦ ਮਾਣ ਸਕਣ। ਉਹਨਾਂ ਨੇ ਕੈਲਗਰੀ ਅਤੇ ਚੈਸਟਰਮੇਅਰ ਨੂੰ ਜੋੜਨ ਲਈ ਰੈਗੂਲਰ ਬੱਸ ਸਰਵਿਸ ਦਾ ਮੁੱਦਾ ਵੀ ਇਸ ਮੰਗਪੱਤਰ ਵਿੱਚ ਸਾਮਿਲ ਕੀਤਾ । ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਚੈਸਟਰਮੇਅਰ ਦੇ ਮੇਅਰ ਜੈਫ ਕੌਲਵਿਨ ਨੇ ਵਿਸਵਾਸ ਦਿਵਾਇਆ ਕਿ ਉਹ ਛੇਤੀ ਹੀ ਇਹਨਾਂ ਸਮੱਸਿਆਵਾ ਦੀ ਪੂਰਤੀ ਵੱਲ ਵਧਣਗੇ। ਆਰ ਸੀ ਐਮ ਪੀ ਸਾਰਜੈਂਟ ਸੁੱਖ ਰੰਧਾਵਾ ਨੇ ਬਜੁਰਗਾਂ ਨੂੰ ਆਉਂਦੀਆਂ ਸਮੱਸਿਆਵਾਂ ਦਾ ਜਿਕ਼ਰ ਕਰਦਿਆਂ ਕਿਹਾ ਕਿ ਉਹ ਹਰ ਵੇਲੇ ਉਹਨਾਂ ਦੀ ਮੱਦਦ ਲਈ ਤਿਆਰ ਬਰਤਿਆਰ ਹਨ। ਸੁਆਦਲੇ ਖਾਣੇ ਉਪਰੰਤ ਸੰਸਥਾ ਦੇ ਵਾਲੰਟੀਅਰ ਕਰਨ ਵਾਲੇ ਮੈਂਬਰਾਂ, ਸਿਟੀ ਦੇ ਵਰਕਰਾਂ ਅਤੇ ਆਰ ਸੀ ਐਮ ਪੀ ਦੇ ਸਾਰਜੈਂਟ ਸੁੱਖ ਰੰਧਾਵਾ ਦਾ ਵਿਸੇਸ ਤੌਰ ਸਨਮਾਨ ਵੀ ਕੀਤਾ ਗਿਆ।



















ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Call for Delivery
Please advise us of any food allergies
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com